
(E-Book)

# Black December


## for Indian Girls



E-Book

# Black December

## For Indian Girls




---

By:

**Ikwak Singh Patti**

**M. +91-981-502-4920**

**Fb.com/ikwaksinghpatti**

**Edition : 2012**

**Speacial Thanks**

- **Rattan Brothers, Amritsar**
- **Rattan Institute of Education, Amritsar**
- **Fateh Multimedia, Ludhiana**
- **Singh Sabha U.S.A., (www.singhsabhausa.com)**
- **Virasat Media, Ca (www.virasatmedia.com)**
- **Damandeep Singh**
- **Jatinder Kaur Bedi**

(ਵੱਖ–ਵੱਖ ਅਖਬਾਰਾਂ ਵਿੱਚੋਂ ਖਬਰਾਂ ਧੰਨਵਾਦ ਸਹਿਤ ਪ੍ਰਾਪਤ ਕੀਤੀਆਂ ਗਈਆਂ)

**Dedicate To:**

# Damini, Delhi



(ਤਸਵੀਰ ਇੰਟਰਨੈੱਟ ਰਾਹੀਂ ਪ੍ਰਾਪਤ ਕੀਤੀ)

| ਕੀ | ਕਿੱਥੇ ? |
|---|---|
| ਮੇਰੇ ਵੱਲੋਂ | 5–6 |
| ਇਕ ਬੱਚੀ ਦਾ ਗੈਂਗਰੇਪ ਅਤੇ ਖੂਨੀ ਨਵੰਬਰ ਦੇ ਸੈਂਕੜੇ ਗੈਂਗਰੇਪ | 7–9 |
| ਡਰਟੀ ਅਤੇ ਜਿਸਮ ਵਰਗੀਆਂ ਫਿਲਮਾਂ ਹੀ ਇਸਦਾ ਮੁੱਖ ਕਾਰਣ ਤਾਂ ਨਹੀਂ ? | 10-11 |
| ਕੁੜੀਆਂ ਨੂੰ ਚੀਜ਼ੀਆਂ, ਪਟੋਲੇ, ਪੁਰਜੇ ਦੱਸਣ ਵਾਲੇ ਫ਼ੇਸਬੁੱਕ ਪੇਜਾਂ ਵਿੱਚ ਅਪਲੋਡ ਹੋਣ ਵਾਲੀ ਅਗਲੀ ਤਸਵੀਰ ਤੁਹਾਡੇ ਪਰਿਵਾਰ ਵਿੱਚੋਂ ਵੀ ਕਿਸੇ ਦੀ ਹੋ ਸਕਦੀ ਹੈ!! | 12-13 |
| ਅਖਬਾਰਾਂ ਦੀ ਜ਼ੁਬਾਨੀ ਦਸੰਬਰ ਮਹੀਨੇ ਹੋਏ ਬਲਾਤਕਾਰ | 14–39 |
| ਕੁੱਝ ਕਾਰਣ ਜੋ ਮਹਿਸੂਸ ਕੀਤੇ ਗਏ | 40–44 |
| ਫੇਸਬੁੱਕ ਤੇ ਚੱਲੀ ਚਰਚਾ | 45–49 |
| ਸਰਵੇਖਣ | 50–51 |
| Indian Law on Rape | 52-53 |
| Rape Laws of India | 54-56 |

## ਮੇਰੇ ਵੱਲੋਂ

ਅੱਜ (29ਦਸੰਬਰ) ਜਦੋਂ ਹੀ ਦਾਮਿਨੀ ਦੀ ਮੌਤ ਦੀ ਖਬਰ ਮਿਲੀ ਤਾਂ ਰੋਸ ਵੱਜੋਂ 'ਬਲੈਕ ਦਸੰਬਰ ਫਾਰ ਇੰਡੀਅਨ ਗਰਲਜ਼' ਦਾ ਜਨਮ ਹੋਇਆ । ਦਰਅਸਲ ਬਹੁਤ ਜਲਦੀ ਅਤੇ ਥੋੜ੍ਹੇ ਸਮੇਂ (ਇੱਕ ਦਿਨ) ਵਿੱਚ ਤਿਆਰ ਕੀਤੀ ਗਈ ਈ-ਬੁੱਕ (ਬਿਜਲਈ ਕਿਤਾਬ) ਹੈ, ਜਿਸਨੂੰ ਇੰਟਰਨੈੱਟ ਤੇ ਪੀ.ਡੀ.ਐੱਫ. ਫਾਰਮੈਟ ਵਿੱਚ ਅਸਾਨੀ ਨਾਲ ਪੜ੍ਹਿਆ ਜਾ ਸਕਦਾ ਹੈ । ਇਸ ਕਿਤਾਬ ਦਾ ਮਕਸਦ ਕੇਵਲ ਵੱਧ ਰਹੇ ਵਹਿਸ਼ੀਪੁਣੇ ਦਾ ਚਿਹਰਾ ਸਮਾਜ ਅੱਗੇ ਬੇਨਕਾਬ ਕਰਨਾ ਹੈ, ਕਿਉਂਕਿ ਅੱਜ ਪੂਰਾ ਭਾਰਤ ਉਸ ਵਹਿਸ਼ੀਪੁਣੇ ਦਾ ਸ਼ਿਕਾਰ ਹੋ ਰਿਹਾ ਹੈ, ਜਿਸਦਾ ਸ਼ਿਕਾਰ ਪੈਰਾ ਮੈਡੀਕਲ ਦੀ ਵਿਦਿਆਰਥਣ ਦਾਮਿਨੀ ਹੋਈ ਹੈ । ਅਤਿ ਨਾਜ਼ੁਕ ਹਾਲਤ ਵਿੱਚ ਕਈ ਦਿਨ ਦੀ  ਮਸ਼ੀਨ ਉੱਤੇ ਪਈ ਤੜਫਦੀ ਹੋਈ ਨੇ ਅੱਜ (29 ਦਸੰਬਰ 2012) ਨੂੰ ਦਮ ਤੋੜ ਦਿੱਤਾ ਹੈ।

ਜਿਸ ਤਰ੍ਹਾਂ ਹੀ ਮੌਤ ਦੀ ਖਬਰ ਦਾ ਪਤਾ ਲੱਗਾ ਤਾਂ ਇੱਕ ਵਾਰ ਦਿਲ ਨੂੰ ਬਹੁਤ ਧੱਕਾ ਲੱਗਾ, ਪਰ ਫਿਰ ਇਹ ਸੋਚ ਕੇ ਧਰਵਾਸ ਕੀਤਾ ਕਿ ਜੇ ਬੱਚ ਵੀ ਜਾਂਦੀ ਤਾਂ ਇਹੋ ਜਿਹੀ ਜਿੰਦਗੀ ਨਾਲ ਜੀਅ ਕੇ ਵੀ ਉਸਨੇ ਕੀ ਪ੍ਰਾਪਤ ਕਰ ਲੈਣਾ ਸੀ ?

ਗੱਲ ਸਿਰਫ ਇੱਕ ਦਾਮਿਨੀ ਦੀ ਨਹੀਂ, ਬਲਕਿ ਉਹਨਾਂ ਹਜ਼ਾਰਾਂ ਦਾਮਿਨੀਆਂ ਦੀ ਹੈ, ਜਿਹੜੀਆਂ ਰੋਜ਼ ਹੀ ਬਲਾਤਕਾਰ, ਛੇੜਛਾੜ ਦਾ ਸਾਹਮਣਾ ਕਰਦੀਆਂ ਆ ਰਹੀਆਂ ਹਨ । ਕਈਆਂ ਨੇ ਆਤਮ-ਹੱਤਿਆਵਾਂ ਕਰ ਲਈਆਂ, ਕਈਆਂ ਦੇ ਕੇਸ ਅਦਾਲਤਾਂ ਵਿੱਚ ਲਟਕ ਰਹੇ ਹਨ ਅਤੇ ਕਈਆਂ ਨੂੰ ਹੀ ਵਰਤਣ ਤੋਂ ਬਾਅਦ ਮੌਤ ਦੇ ਘਾਟ ਉਤਾਰ ਦਿੱਤਾ ਗਿਆ । ਅੱਜ ਪੂਰਾ ਦੇਸ਼ ਜੋਸ਼ ਵਿੱਚ ਹੈ, ਹਰ ਕਿਸੇ ਦੇ ਚਿਹਰੇ ਤੇ ਗੁੱਸਾ ਹੈ, ਬਲਾਤਕਾਰੀਆਂ ਨੂੰ ਸਖਤ ਸਜ਼ਾਵਾਂ ਦੀ ਮੰਗ ਕਰ ਰਿਹਾ ਹੈ, ਉਥੇ ਚਾਹੀਦਾ ਹੈ ਕਿ ਇਸ ਸਬੰਧੀ ਬਿਨ੍ਹਾਂ ਦੇਰੀ ਤੋਂ ਭਾਰਤ ਨਿਆਂ ਪ੍ਰਣਾਲੀ ਦੋਸ਼ੀਆਂ ਨੂੰ ਸਜਾਵਾਂ ਦੇਵੇ, ਪਰ ਅਤਿ ਅਪਸੋਸ ਕਿ 16 ਦਸੰਬਰ ਨੂੰ ਹੋਏ ਦਾਮਿਨੀ ਦੇ ਗੈਂਗਰੇਪ ਤੋਂ ਬਾਅਦ ਵੀ ਬਲਾਤਕਾਰ ਦੀਆਂ ਘਟਨਾਵਾਂ ਵਿੱਚ ਕੋਈ ਖੜੌਤ ਨਹੀਂ ਆਈ ।

ਮੇਰੇ ਵਿਚਾਰ ਅਨੁਸਾਰ ਇਸ ਸਬੰਧੀ ਸਿਰਫ ਦੋਸ਼ੀਆਂ ਨੂੰ ਹੀ ਸਜ਼ਾ ਨਹੀਂ ਮਿਲਦੀ ਚਾਹੀਦੀ, ਬਲਕਿ ਉਹਨਾਂ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ, ਜਿਹਨਾਂ ਦੇ ਕਾਰਣ ਵਹਿਸ਼ੀਪੁਣੇ ਨੂੰ

ਉਤਸ਼ਾਹਿਤ ਕੀਤੇ ਜਾਣ ਦੀ ਕਿਸੇ ਵੀ ਤਰ੍ਹਾਂ ਦੀ ਕੋਈ ਕਾਰਵਾਈ ਕੀਤੀ ਜਾਂਦੀ ਹੈ। ਮਿਸਾਲ ਦੇ ਤੌਰ ਤੇ ਭਾਰਤੀ ਫੋਜ ਵੱਲੋਂ ਕੀਤੇ ਜਾਣ ਵਾਲੇ ਬਲਾਤਕਾਰਾਂ ਤੋਂ ਕੋਈ ਅਨਜਾਣ ਨਹੀਂ ਹੈ, ਖੂਨੀ ਨਵੰਬਰ 1984 ਵਿੱਚ ਹੋਏ ਸਿੱਖ ਲੜਕੀਆਂ ਦੇ ਸੈਂਕੜੇ ਗੈਂਗਰੇਪ ਕਿਸੇ ਤੋਂ ਛਿਪੇ ਨਹੀਂ, ਬਾਲੀਵੁੱਡ ਵੱਲੋਂ ਮਨੋਰੰਜਨ ਦੇ ਨਾਮ ਹੇਠ ਸਿਨੇਮਾ ਘਰਾਂ ਵਿੱਚ ਪਰੋਸੀ ਜਾ ਰਹੀ ਹੱਦੋਂ ਵੱਧ ਅਸ਼ਲੀਲਤਾ, ਇਸ ਅਸਲੀਲਤਾ ਨੂੰ ਪਾਸ ਕਰਨ ਵਾਲਾ ਸੈਂਸਰ ਬੋਰਡ, ਸੋਸ਼ਲ ਵੈੱਬ-ਸਾਈਟਾਂ ਰਾਹੀਂ ਪ੍ਰਚਾਰੀ ਜਾ ਰਹੀ ਅਸਲੀਲਤਾ ਇਸ ਸੱਭ ਦੇ ਸਬੰਧੀ ਠੋਸ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ ਤਾਂ ਕਿ ਪਹਿਲਾਂ ਇਸ ਉੱਪਰ ਕੰਟਰੋਲ ਕੀਤਾ ਜਾਵੇ । ਪੰਜਾਬ ਵਿੱਚ ਵੀ ਅਜਿਹੀਆਂ ਘਟਨਾਵਾਂ ਵਿੱਚ ਵਾਧਾ ਲਗਾਤਾਰ ਜਾਰੀ ਹੈ, ਜਿਸ ਪਿੱਛੇ ਔਰਤ ਨੂੰ ਵਸਤੂ ਬਣਾ ਕੇ ਪੇਸ਼ ਕਰਨ ਵਾਲੇ ਪੰਜਾਬੀ ਗਾਇਕ ਮੁੱਖ ਦੋਸ਼ੀ ਹਨ, ਜਿਹਨਾਂ ਦੀ ਵਜ੍ਹਾ ਨਾਲ ਪੰਜਾਬ ਦੀਆਂ ਕੁੜੀਆਂ ਹੁਣ ਚੀਜ਼ੀਆਂ, ਪਟੋਲੇ, ਪੁਰਜੇ ਬਣ ਕੇ ਰਹਿ ਗਈਆਂ ਹਨ।

ਅੰਮ੍ਰਿਤਸਰ ਵਿੱਚ ਇੱਕ ਬੱਚੀ ਨਾਲ ਜਬਰ ਜਿਨਾਹ ਕੀਤਾ ਗਿਆ ਤੇ ਨਾਲ ਉਸਦਾ ਐੱਮ.ਐੱਮ.ਐੱਸ ਬਣਾ ਕੇ ਨੈੱਟ ਤੇ ਅਪਲੋਡ ਕੀਤਾ ਗਿਆ, ਫਿਰ ਆਪਣੀ ਹੀ ਲੜਕੀ ਨਾਲ ਹੁੰਦੀ ਛੇੜਛਾੜ ਰੋਕਣ ਵਾਲੇ ਏ.ਐੱਸ.ਆਈ. ਦੀ ਅਕਾਲੀ ਆਗੂ ਵੱਲੋਂ ਦਿਨ ਦਿਹਾੜੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ।

ਇਹ ਸਾਰਾ ਕੁੱਝ ਮਨੁੱਖਤਾ ਵਿੱਚ ਆ ਰਹੀ ਗਿਰਾਵਟ ਤੇ ਬਹੁਤ ਵੱਡਾ ਸਵਾਲੀਆ ਚਿੰਨ ਹੈ , ਉੱਥੇ ਭਰੂਣ ਹੱਤਿਆਵਾਂ ਨੂੰ ਉਕਾਸਾਉਣ ਦਾ ਕਾਰਣ ਵੀ ਹੈ । ਜਾਨਵਰਾਂ ਨੂੰ ਵੀ ਬੱਦਤਰ ਹਾਲਤ ਵਿੱਚ ਵਿਚਰ ਰਿਹੈ ਅਜੋਕਾ ਮਨੁੱਖ, ਕਹਿੰਦੇ ਨੇ ਜਾਨਵਰਾਂ ਵਿੱਚ ਬਲਾਤਕਾਰ ਨਹੀਂ ਹੁੰਦਾ, ਜੋ ਸਹੀ ਵੀ ਹੈ । ਖ਼ੈਰ! ਇਸ ਦਸਤਾਵੇਜ਼ ਵਿੱਚ ਦਸੰਬਰ ਮਹੀਨੇ ਦੀਆਂ ਕੁੱਝ ਅਖਬਾਰਾਂ ਦੀਆਂ ਕਟਿੰਗਾਂ ਨੂੰ ਇਕੱਠਿਆਂ ਕੀਤਾ ਗਿਆ ਤਾਂ ਕਿ ਇਸ ਸੱਭ ਦੇਖ/ਪੜ੍ਹ ਕੇ ਸ਼ਾਇਦ ਸਾਡੀ ਅਣਖ ਅਤੇ ਗ਼ੈਰਤ ਜੀਅ ਪਵੇ। ਕਿਸੇ ਵੀ ਭੁੱਲ ਗਲਤੀ ਲਈ ਖਿਮਾ ਦਾ ਜਾਚਕ ਹੋਵਾਂਗਾ ।

ਆਮੀਨ ! ਰੱਬ ਰਾਖਾ !!

ਇਕਵਾਕ ਸਿੰਘ ਪੱਟੀ
ਸਿੰਘ ਯੂਥ ਕਲੱਬ, ਅੰਮ੍ਰਿਤਸਰ। ਮੋ. 981-502-4920

***

# ਇੱਕ ਬੱਚੀ ਦਾ ਗੈਂਗਰੇਪ ਅਤੇ ਖ਼ੂਨੀ ਨਵੰਬਰ ਦੇ ਸੈਂਕੜੇ ਗੈਂਗਰੇਪ

ਡਾ. ਹਰਜਿੰਦਰ ਸਿੰਘ ਦਿਲਗੀਰ

16 ਦਸੰਬਰ 2012 ਦੇ ਦਿਨ ਦਿੱਲੀ ਵਿਚ ਇਕ ਨੌਜਵਾਨ ਬੱਚੀ ਦਾ 6 ਬੰਦਿਆਂ ਨੇ ਚਲਦੀ ਬੱਸ ਵਿਚ ਰੇਪ ਕੀਤਾ ਅਤੇ ਉਸ ਮਗਰੋਂ ਉਸ ਦੇ ਗੁਪਤ ਵਿਚ ਲੋਹੇ ਦੀ ਸੀਖ ਲੰਘਾ ਕੇ ਉਸ ਨੂੰ ਅਧਮੋਇਆ ਕਰ ਕੇ ਤੇ ਨੰਗਿਆਂ ਕਰ ਕੇ ਬੱਸ ਵਿਚੋਂ ਬਾਹਰ ਸੁੱਟ ਦਿੱਤਾ। ਬੇਸ਼ਕ ਇਹ ਜ਼ੁਲਮ ਹੈ, ਦਰਿੰਦਗੀ ਹੈ ਅਤੇ ਇਹ ਸਿਰਫ਼ ਨਾ-ਮੁਆਫ਼ ਕਰਨ ਦਾ ਕਾਬਲ ਗੁਨਾਹ ਨਹੀਂ ਬਲਕਿ ਸਖ਼ਤ ਤੋਂ ਸਖ਼ਤ ਦਿੱਤੇ ਜਾਣ ਵਾਲਾ ਜੁਰਮ ਹੈ। ਇਸ ਜ਼ੁਲਮ ਦੇ ਖ਼ਿਲਾਫ਼ ਹਜ਼ਾਰਾਂ ਲੋਕਾਂ ਨੇ ਜ਼ੋਰਦਾਰ ਰੋਹ ਦਾ ਇਜ਼ਹਾਰ ਕੀਤਾ ਹੈ, ਦਿੱਲੀ ਦੇ ਸਟੂਡੈਂਟ ਤੇ ਨੌਜਵਾਨ ਸੜਕਾਂ 'ਤੇ ਉਤਰੇ ਹਨ, ਭਾਰਤ ਦੇ ਮੀਡੀਆ ਨੇ ਇਸ ਜ਼ੁਲਮ ਦੇ ਖ਼ਿਲਾਫ਼ ਜ਼ਬਰਦਸਤ ਆਵਾਜ਼ ਉਠਾਈ ਹੈ। ਸਿਆਸੀ ਪਾਰਟੀਆਂ (ਖ਼ਾਸ ਕਰ ਕੇ ਭਾਜਪਾ ਅਤੇ ਹੋਰ ਅਪੋਜ਼ੀਸ਼ਨ ਪਾਰਟੀਆਂ) ਨੇ ਪਾਰਲੀਮੈਂਟ ਵਿਚ ਅਤੇ ਸੜਕਾਂ 'ਤੇ ਉਚੀ ਆਵਾਜ਼ ਨਾਲ ਅਤੇ ਜਜ਼ਬਾਤੀ ਇਜ਼ਹਾਰ ਨਾਲ ਰੌਲਾ ਪਾਇਆ ਹੈ। ਕਹਿਰ ਦੇ ਖ਼ਿਲਾਫ਼ ਇਸ ਤਰ੍ਹਾਂ ਦਾ ਰੋਸ ਤੇ ਰੋਹ ਕੀ ਇਸ ਮੁਲਕ ਵਿਚ ਇਨਸਾਨੀਅਤ ਦੇ ਜ਼ਿੰਦਾ ਹੋਣ ਦਾ ਇਜ਼ਹਾਰ ਹੈ?

ਸ਼ਾਇਦ ਨਹੀਂ! ਸਵਾਲ ਇਹ ਹੈ ਕਿ ਕੀ ਜੋ ਲੋਕ ਇਸ ਰੋਸ ਤੇ ਰੋਹ ਦਾ ਇਜ਼ਹਾਰ ਕਰ ਰਹੇ ਹਨ ਕੀ ਉਹ ਸੱਚਮੁਚ ਇਨਸਾਨੀਅਤ ਦੇ ਅਲੰਬਰਦਾਰ ਹਨ? ਕੀ ਉਨ੍ਹਾਂ ਦੀ ਰੂਹ ਨੂੰ ਇਕ ਰੋ ਰਹੀ ਇਕ ਧੀ ਦੀਆਂ ਚੀਖ਼ਾਂ ਤੇ ਕੁਰਲਾਹਟ ਟੁੰਬਦੀ ਹੈ? ਕੀ ਉਹ ਜ਼ੁਲਮ ਨੂੰ ਬਰਦਾਸ਼ਤ ਨਹੀਂ ਕਰ ਸਕਦੇ? ਕੀ ਉਹ ਇਨਸਾਫ਼ ਦੇ ਪੁਜਾਰੀ ਹਨ? ਅਫ਼ਸੋਸ ਹੈ ਕਿ ਮੈਨੂੰ ਅਜਿਹਾ ਕੁਝ ਨਜ਼ਰ ਨਹੀਂ ਆਇਆ। ਮੈਨੂੰ ਯਕੀਨ ਹੈ ਕਿ ਰੋਹ ਤੇ ਰੋਸ ਦਾ ਇਜ਼ਹਾਰ ਕਰ ਰਹੇ ਲੋਕਾਂ ਵਿਚ ਕਈ ਲੋਕ ਤਾਂ ਸੱਚਮੁਚ ਹੀ ਇਨਸਾਨੀਅਤ ਦੇ ਪੁੰਜ ਹੋਣਗੇ, ਪਰ ਦੂਜੇ ਪਾਸੇ ਬਹੁਤੇ ਲੋਕ ਇਸ ਵਿਚੋਂ ਸਿਆਸਤ ਕਰ ਰਹੇ ਹਨ ਅਤੇ ਕਈ ਸਿਰਫ਼ ਸੁਰਖੀਆਂ ਵਿਚ ਆਉਣ ਅਤੇ ਦਿਖਾਵਾ ਕਰਨ ਦੀ ਕਾਰਵਾਈ ਵੀ ਕਰ ਰਹੇ ਹੋਣਗੇ।

ਇਸੇ ਦਿੱਲੀ (ਅਤੇ ਭਾਰਤ ਮੁਲਕ ਦੇ ਕਈ ਹੋਰ ਜਗਹ ਵੀ) ਵਿਚ ਅਜ ਤੋਂ 28 ਸਾਲ ਪਹਿਲਾਂ 'ਖ਼ੂਨੀ ਨਵੰਬਰ 1984' ਦੌਰਾਨ ਇਕ ਨਹੀਂ ਬਲਕਿ ਕਿੰਨੀਆਂ ਹੀ ਬੱਚੀਆਂ, ਅਬਲਾਵਾਂ ਨਾਲ ਇਹੋ ਜਿਹਾ ਹੀ ਨਹੀਂ ਇਸ ਤੋਂ ਵਧ ਭਿਆਨਕ ਜ਼ੁਲਮ ਹੋਇਆ ਸੀ। ਕਿੰਨੀਆਂ ਹੀ ਸਿੱਖ ਬੀਬੀਆਂ ਦਾ ਰੇਪ ਕੀਤਾ ਗਿਆ ਸੀ; ਕਿੰਨੀਆਂ ਨੂੰ ਤਾਂ ਉਨ੍ਹਾਂ ਦੇ ਪਿਤਾ, ਮਾਤਾ ਅਤੇ ਹੋਰ ਰਿਸ਼ਤੇਦਾਰਾਂ ਦੇ ਸਾਹਮਣੇ ਰੇਪ ਕੀਤਾ ਗਿਆ ਸੀ ਤੇ ਉਨ੍ਹਾਂ ਵਿਚੋਂ ਕਈਆਂ ਨੂੰ ਰੇਪ ਕਰਨ ਮਗਰੋਂ ਜ਼ਿੰਦਾ ਜਲਾ ਦਿੱਤਾ ਗਿਆ ਸੀ। ਕਿੰਨੇ ਹੀ ਹਜ਼ਾਰਾਂ ਲੋਕਾਂ ਨੂੰ ਦੁਨੀਆਂ ਭਰ ਦੇ ਤਸੀਹੇ ਦੇ ਕੇ ਜ਼ਾਲਮਾਨਾ ਤਰੀਕੇ ਨਾਲ ਕਤਲ ਕੀਤਾ ਗਿਆ ਸੀ। ਕੀ ਉਹ ਬੀਬੀਆਂ ਅਤੇ ਬੱਚੇ ਤੇ ਆਦਮੀ ਇਨਸਾਨ ਨਹੀਂ ਸਨ? ਉਦੋਂ ਨਾ ਤਾਂ ਮੀਡੀਆ ਨੂੰ ਕੋਈ ਦਰਦ ਹੋਇਆ, ਨਾ ਕਿਸੇ ਅਦਾਲਤ ਨੇ ਇਸ ਦਾ ਨੋਟਿਸ ਲਿਆ, ਨਾ ਕਿਸੇ ਪਾਸੇ ਰੋਸ ਜਲੂਸ ਨਿਕਲੇ, ਨਾ ਕਿਸੇ ਨੇ ਧਰਨੇ ਮਾਰੇ, ਨਾ ਹਾਹਾ-ਕਾਰ ਮੱਚੀ। ਕੀ ਉਦੋਂ ਲੋਕਾਂ ਦਾ ਖ਼ੂਨ

ਪਾਣੀ ਹੋ ਗਿਆ ਸੀ? ਕੀ ਉਦੋਂ ਜ਼ੁਲਮ ਦਾ ਸ਼ਿਕਾਰ ਹੋਈਆਂ ਬੱਚੀਆਂ ਇਨਸਾਨ ਨਹੀਂ ਸਨ? ਕੀ ਉਹ ਦੁਸ਼ਮਣ ਮੁਲਕ ਜਾਂ ਕਿਸੇ ਹੋਰ ਗ੍ਰਹਿ ਦੀਆਂ ਬੱਚੀਆਂ ਸਨ?

ਫਿਰ ਏਨਾ ਹੀ ਬੱਸ ਨਹੀਂ ਬਲਕਿ ਜੇ ਕੁਝ ਇਨਸਾਨੀ ਹਕੂਕ ਵਾਲੀਆਂ ਜਮਾਤਾਂ ਨੇ ਜ਼ਰਾ ਮਾਸਾ ਆਵਾਜ਼ ਉਠਾਈ ਤਾਂ ਉਲਟਾ ਉਨ੍ਹਾਂ 'ਤੇ ਕੇਸ ਦਰਜ ਕੀਤੇ ਗਏ। ਇਸ ਦੇ ਨਾਲ ਹੀ ਜੇ ਕੁਝ ਤਥ ਸਾਹਮਣੇ ਆਏ ਤਾਂ ਉਨ੍ਹਾਂ ਨੂੰ ਖ਼ਤਮ ਕਰਨ ਵਾਸਤੇ ਸਾਜ਼ਸ਼ਾਂ ਘੜੀਆਂ ਗਈਆਂ; ਦਰਿੰਦਿਆਂ ਨੂੰ ਉਚੀਆਂ ਸਿਆਸੀ ਪੁਜ਼ੀਸ਼ਨਾਂ ਦਿੱਤੀਆਂ ਗਈਆਂ; ਮੁਜਰਿਮਾਂ ਨੂੰ ਬਚਾਉਣ ਵਾਸਤੇ ਸਰਕਾਰਾਂ, ਪੁਲਸ, ਸੀ. ਬੀ. ਆਈ. ਅਤੇ ਅਦਾਲਤਾਂ ਨੇ ਸਾਜ਼ਸ਼ੀ ਅਤੇ ਸ਼ਰਮਨਾਕ ਰੋਲ ਅਦਾ ਕੀਤਾ।

ਏਨਾ ਹੀ ਬਸ ਨਹੀਂ, ਹੁਣ ਵੀ ਜਦੋਂ ਵੀ ਉਸ ਜ਼ੁਲਮ 'ਤੇ ਐਕਸ਼ਨ ਕਰਨ ਵਾਸਤੇ ਆਵਾਜ਼ ਉਠਦੀ ਹੈ ਤਾਂ ਵਾਰ-ਵਾਰ ਉਸ ਨੂੰ ਭੁੱਲ ਜਾਣ ਵਾਸਤੇ ਕਿਹਾ ਜਾਂਦਾ ਹੈ; ਉਸ ਦਾ ਦਾ ਜ਼ਿਕਰ ਕਰਨ ਨੂੰ ਅਕਸਰ ਫ਼ਿਰਕਾਪ੍ਰਸਤੀ ਦਾ ਦਰਜਾ ਦੇ ਕੇ ਉਸ ਆਵਾਜ਼ ਨੂੰ ਨਿੰਦਿਆ ਜਾਂਦਾ ਹੈ ਅਤੇ ਜੇ ਕਿਤੇ ਪ੍ਰੋਟੈਸਟ ਹੁੰਦਾ ਹੈ ਤਾਂ ਬਹੁਤਾ ਮੀਡੀਆ ਉਸ ਦਾ ਜ਼ਿਕਰ ਤਕ ਨਹੀਂ ਕਰਦਾ। ਇਹ ਕਿਹੋ ਜਿਹਾ ਇਨਸਾਫ਼ ਹੈ? ਇਹ ਕਿਹੋ ਜਿਹੀ ਇਨਸਾਨੀਅਤ ਹੈ? ਇਹ ਕਿਹੋ ਜਿਹੀ 'ਨਿਰਪਖਤਾ' ਹੈ? ਕੀ ਸਿੱਖ ਬੀਬੀ ਇਨਸਾਨ ਨਹੀਂ? ਕੀ ਸਿੱਖ ਬੀਬੀਆਂ ਦਾ ਰੇਪ ਕਰਨਾ ਜ਼ੁਲਮ ਨਹੀਂ? ਕੀ ਘਟਗਿਣਤੀ 'ਤੇ ਜ਼ੁਲਮ ਹੱਕ ਬਜਾਨਬ ਅਤੇ ਜਾਇਜ਼ ਕਾਰਵਾਈ ਹੈ? ਇਹ ਕਿਹੋ ਜਿਹਾ ਇਨਸਾਫ਼ ਹੈ ਜੋ ਇਕ ਇਨਸਾਨ ਦਾ ਦੂਜੇ ਇਨਸਾਨ ਤੋਂ ਫ਼ਰਕ ਕਰਦਾ ਹੈ?

ਇਕ ਹੋਰ ਗੱਲ ਵੀ ਕਰਨੀ ਚਾਹਵਾਂਗਾ। 'ਖ਼ੂਨੀ ਨਵੰਬਰ 1984' ਦੌਰਾਨ ਜੋ ਜ਼ੁਲਮ, ਜੋ ਕਤਲ, ਜੋ ਰੇਪ, ਜੋ ਲੁੱਟਮਾਰ ਅਤੇ ਇਨਸਾਨੀਅਤ ਦਾ ਘਾਣ ਹੋਇਆ ਸੀ, ਉਸ ਦੀ ਸਰਪਰਸਤੀ ਸਰਕਾਰ ਦੇ ਸਰਕਰਦਾ ਆਗੂ, ਪੁਲਸ ਅਤੇ ਹੋਰ ਹਾਕਮ ਅੰਸਰ ਕਰ ਰਹੇ ਸਨ; ਬੇਸ਼ਕ ਉਨ੍ਹਾਂ ਭੀੜਾਂ ਦੀ ਅਗਵਾਈ ਰੱਜੇ ਪੁੱਜੇ, ਕਾਂਗਰਸੀ ਆਗੂ ਤੇ ਰਸੂਖ ਵਾਲੇ ਸਿੱਖ-ਦੁਸ਼ਮਣ ਲੋਕ ਕਰ ਰਹੇ ਸਨ, ਪਰ ਉਹ ਦਰਿੰਦਗੀ ਅਤੇ ਜ਼ੁਲਮ ਬਹੁਤਾ ਕਰ ਕੇ ਭਾੜੇ 'ਤੇ ਲਿਆਂਦੇ ਮੁਜਰਿਮਾਂ ਅਤੇ ਦਿਹਾੜੀਦਾਰ ਲੋਕਾਂ ਤੋਂ ਕਰਵਾਏ ਗਏ ਸਨ। ਯਾਨਿ ਉਦੋਂ ਕਤਲ, ਰੇਪ ਅਤੇ ਲੁੱਟ-ਮਾਰ ਦੀਆਂ ਕਾਰਵਾਈਆਂ ਵਿਚ ਗ਼ਰੀਬ, ਮਜ਼ਦੂਰ ਤਬਕੇ ਦੇ ਲੋਕ ਅਤੇ ਆਮ ਮੁਜਰਿਮ ਵਰਤੇ ਗਏ ਸਨ। ਜਦ ਮੈਂ ਇਸ ਬੱਚੀ ਦੇ ਰੇਪ ਵਿਚ ਸ਼ਾਮਿਲ ਛੇ ਲੋਕਾਂ ਦਾ ਪਿਛੋਕੜ ਦੇਖਦਾ ਹਾਂ ਤਾਂ ਹੈਰਾਨ ਹੁੰਦਾ ਹਾਂ ਕਿ ਇਨ੍ਹਾਂ ਵਿਚੋਂ ਕੋਈ ਝੁੱਗੀਆਂ ਵਿਚ ਰਹਿਣ ਵਾਲਾ ਹੈ, ਕੋਈ ਬਹੁਤ ਗ਼ਰੀਬ ਘਰ ਦਾ ਹੈ ਤੇ ਕੋਈ ਮਜ਼ਦੂਰ ਪਰਵਾਰ ਵਿਚੋਂ ਹੈ। ਇਨ੍ਹਾਂ ਵਿਚੋਂ ਕਈ ਵੀ ਕਿਸੇ ਅਮੀਰ ਬਾਪ ਦਾ ਵਿਗੜਿਆ ਬੱਚਾ ਨਹੀਂ, ਕੋਈ (ਅੰਮ੍ਰਿਤਸਰ ਦੇ ਏ.ਐਸ.ਆਈ. ਦੇ ਕਾਤਲ ਅਕਾਲੀ ਆਗੂ ਵਾਂਗ) ਜ਼ਮੀਨ ਵੇਚ ਕੇ ਆਏ ਪੈਸੇ ਨਾਲ ਅੱਯਾਸ਼ੀ ਕਰਨ ਵਾਲਾ ਗੁੰਡਾ-ਸੋਚ ਦਾ (ਕਿਸੇ ਮਜੀਠਿਆ ਬਰਗੇਡ ਕਿਸਮ ਦਾ) ਬੰਦਾ ਨਹੀਂ, ਕੋਈ ਕਿਸੇ ਪੁਲਸੀਏ, ਸਿਆਸੀ ਆਗੂ ਦਾ ਪੁੱਤਰ ਜਾਂ ਰਿਸ਼ਤੇਦਾਰ ਨਹੀਂ (ਵਰਨਾ, ਸ਼ਾਇਦ, ਹੁਣ ਤਕ ਨਕਸ਼ਾ ਹੋਰ ਹੀ ਹੁੰਦਾ; ਪੁਲਸ ਤੇ ਸਿਆਸੀ ਪਾਰਟੀਆਂ ਦਾ ਰਵੱਈਆ ਤੇ ਵਰਤਾਰਾ ਵਖਰੀ ਕਿਸਮ ਦਾ ਹੁੰਦਾ)। ਖ਼ੈਰ ਮੈਂ ਜਿਸ ਨੁਕਤੇ ਵੱਲ ਲਿਆਉਣਾ

ਚਾਹੁੰਦਾ ਹਾਂ ਉਹ ਇਹ ਹੈ ਕਿ ਭਾਰਤ ਮੁਲਕ ਵਿਚ ਜ਼ੁਲਮ ਅਤੇ ਗੁੰਡਾਗਰਦੀ ਹੁਣ ਸਿਆਸੀ ਆਗੂਆਂ, ਪੁਲਸੀਆਂ ਤੇ ਅਮੀਰਾਂ ਦੇ ਬੱਚਿਆਂ ਤਕ ਮਹਿਦੂਦ (ਸੀਮਤ) ਨਹੀਂ ਰਹਿ ਗਈ ਅਤੇ ਸ਼ਾਇਦ ਇਹ ਇਕ ਕੌਮੀ 'ਖ਼ੂਬੀ' ਬਣਦੀ ਜਾ ਰਹੀ ਹੈ (ਮੈਂ ਲਫ਼ਜ਼ 'ਖ਼ੂਬੀ' ਵਰਤਿਆ ਹੈ 'ਬੁਰਾਈ' ਨਹੀਂ ਕਿਉਂ ਕਿ ਬੁਰਾਈ ਨੂੰ ਤਾਂ ਸਾਰੇ ਨਿੰਦਦੇ ਹਨ ਜਦ ਕਿ ਇਸ ਗੁੰਡਾਗਰਦੀ ਅਤੇ ਬੁਰਛਾਗਰਦੀ ਨੂੰ ਅਕਸਰ ਇਕ ਚੁੱਪ ਜਿਹੀ ਮਨਜ਼ੂਰੀ ਮਿਲੀ ਹੈ)। ਜਦ ਸਿਆਸੀ ਲੋਕ ਇਸ ਗ਼ਰੀਬ ਤਬਕੇ ਨੂੰ ਗੁੰਡਾਗਰਦੀ ਵਾਸਤੇ ਵਰਤਦੇ ਹਨ ਤਾਂ ਇਨ੍ਹਾਂ ਗ਼ਰੀਬਾਂ ਦੇ ਮਨਾਂ ਦੇ ਅੰਦਰ ਗੁੰਡਾ ਗਰਦੀ ਤੇ ਜ਼ੁਲਮ ਕਰਨ ਦਾ ਸ਼ੌਕ ਪੈਦਾ ਹੋ ਜਾਂਦਾ ਹੈ ਜਿਸ ਨੂੰ, ਮੌਕਾ ਮਿਲਣਾ 'ਤੇ, ਉਹ ਆਪਣੇ ਤੋਂ ਕਮਜ਼ੋਰ ਲੋਕਾਂ 'ਤੇ ਵਰਤਦੇ ਹਨ, ਅਤੇ ਇਹੀ ਇਸ ਬੱਚੀ ਨਾਲ ਹੋਇਆ ਹੈ।

ਜੇ ਭਾਰਤੀ ਲੋਕਾਂ, ਆਗੂਆਂ ਅਤੇ ਮੀਡੀਆ ਨੇ 'ਖ਼ੂਨੀ ਨਵੰਬਰ 1984' ਦੌਰਾਨ ਹੋਏ ਜ਼ੁਲਮ ਦੇ ਖ਼ਿਲਾਫ਼ ਇੰਞ ਹੀ ਆਵਾਜ਼ ਉਠਾਈ ਹੁੰਦੀ ਤਾਂ ਇਹ ਕੁਝ ਨਹੀਂ ਸੀ ਹੋਣਾ। ਇਸ ਕਰ ਕੇ ਇਸ ਬੱਚੀ ਨਾਲ ਜ਼ੁਲਮ ਕਰਨ ਵਾਲਿਆਂ ਨੂੰ ਸਜ਼ਾ ਦੇਣ ਦੇ ਨਾਲ-ਨਾਲ ਉਨ੍ਹਾਂ ਨੂੰ ਵੀ ਸਜ਼ਾ ਦੇਣੀ ਲਾਜ਼ਮੀ ਹੈ ਜਿਨ੍ਹਾਂ ਨੇ ਸਿੱਖ ਬੱਚੀਆਂ 'ਤੇ ਜ਼ੁਲਮ ਕੀਤੇ ਸਨ। ਉਨ੍ਹਾਂ ਜ਼ੁਲਮਾਂ ਨੂੰ ਅਗਵਾਈ ਦੇਣ ਅਤੇ ਜ਼ਾਲਮਾਂ ਨੂੰ ਪਨਾਹ ਦੇਣ ਵਾਲੇ ਭਗਤ, ਟਾਈਟਲਰ, ਸੱਜਣ ਕੁਮਾਰ, ਕਮਲ ਨਾਥ ਵਰਗਿਆਂ ਦੀ ਸ਼ਨਾਖ਼ਤ ਉਦੋਂ ਹੀ ਹੋ ਗਈ ਸੀ। ਜੇ ਆਮ ਲੋਕਾਂ ਵਿਚ ਇਨਸਾਨੀਅਤ ਹੁੰਦੀ ਤਾਂ ਉਹ ਇਨ੍ਹਾਂ ਲੋਕਾਂ ਨੂੰ ਵੋਟਾਂ ਪਾ ਕੇ ਨਾ ਚੁਣਦੇ; ਜੇ ਸਿਆਸੀ ਪਾਰਟੀਆਂ ਵਿਚ ਇਨਸਾਨੀਅਤ ਹੁੰਦੀ ਤਾਂ ਉਹ ਇਨ੍ਹਾਂ ਨੂੰ ਆਪਣੇ ਉਮੀਦਵਾਰ ਨਾ ਬਣਾਉਂਦੇ ਅਤੇ ਜੇ ਮੀਡੀਆ ਵਿਚ ਇਨਸਾਨੀਅਤ ਹੁੰਦੀ ਤਾਂ ਇਨ੍ਹਾਂ ਦੇ ਖ਼ਿਲਾਫ਼ ਆਵਾਜ਼ ਉਠਾਉਂਦਾ ਅਤੇ ਇਨ੍ਹਾਂ ਦੇ ਹੱਕ ਵਿਚ ਉਠਣ ਵਾਲੀ ਬੇਈਮਾਨ ਆਵਾਜ਼ ਦਾ ਬਲੈਕ-ਆਊਟ ਕਰਦਾ।

ਪਰ ਜਾਪਦਾ ਹੈ ਕਿ ਨਾ ਆਮ ਲੋਕਾਂ ਵਿਚ ਇਨਸਾਨੀਅਤ ਦਾ ਬੀਅ ਪੁੰਗਰਿਆ ਹੈ, ਨਾ ਸਿਆਸੀ ਆਗੂਆਂ ਵਿਚ ਧਰਮ ਤੇ ਇਨਸਾਫ਼ ਨੇ ਅਸਰ ਕੀਤਾ ਹੈ ਅਤੇ ਨਾ ਮੀਡੀਆ ਨੇ ਨਿਰਪੱਖ ਹੋ ਕੇ ਰੋਲ ਅਦਾ ਕੀਤਾ ਹੈ; ਬਹੁਤੇ ਲੋਕ ਤੇ ਅਦਾਰੇ ਸਿਰਫ਼ ਆਪਣੀਆਂ ਰੋਟੀਆਂ ਸੇਕ ਰਹੇ ਹਨ। ਜੇ ਉਹ ਸੱਚੇ ਹਨ ਤਾਂ ਹਰ ਇਕ ਨੂੰ ਇਨਸਾਫ਼ ਦਿਵਾਉਣ ਵਾਸਤੇ ਆਵਾਜ਼ ਉਠਾਉਣ, ਵਰਨਾ ਦਸੰਬਰ 2012 ਦਾ ਦਰਦਨਾਕ ਸਾਕਾ ਭੁੱਲਣ ਵਿਚ ਬਹੁਤੀ ਦੇਰ ਨਹੀਂ ਲੱਗੇਗੀ ਅਤੇ ਫਿਰ ਕਿਸੇ ਹੋਰ ਧੀ ਨਾਲ ਜ਼ੁਲਮ ਹੋਵੇਗਾ ਤੇ ਫਿਰ ਕੁਝ ਚਿਰ ਰੋਲਾ ਪੈ ਕੇ ਲੋਕ, ਆਗੂ ਅਤੇ ਮਡਿੀਆ ਚੁਪ ਹੋ ਜਾਣਗੇ।

(ਰੋਜ਼ਾਨਾ ਸਪੋਕਸਮੈਨ 26 ਦਸੰਬਰ 2012 ਵਿੱਚੋਂ ਧੰਨਵਾਦ ਸਹਿਤ)

***

### (ਸਿੰਘ ਸਭਾ ਯੂ.ਐੱਸ.ਏ. ਤੇ 30 ਜੁਲਾਈ ਨੂੰ ਛਪਿਆ ਲੇਖ)

## ਡਰਟੀ ਅਤੇ ਜਿਸਮ ਵਰਗੀਆਂ ਫਿਲਮਾਂ ਹੀ ਇਸਦਾ ਮੁੱਖ ਕਾਰਣ ਤਾਂ ਨਹੀਂ ?

(ਇਕਵਾਕ ਸਿੰਘ ਪੱਟੀ)

**ਬੀਤੇ ਕੁੱਝ ਸਮੇਂ ਤੋਂ ਲਗਾਤਾਰ ਲੜਕੀਆਂ ਨਾਲ ਛੇੜਛਾੜ ਦੇ ਮਾਮਲੇ ਵੱਡੀ ਗਿਣਤੀ ਵਿੱਚ ਸਾਹਮਣੇ ਆਏ ਹਨ, ਜਿਸ ਵਿੱਚ ਮੁੱਖ ਰੂਪ ਵਿੱਚ ਗੁਹਾਟੀ ਵਿਖੇ ਸ਼ਰੇਬਜ਼ਾਰ ਵਹਿਸ਼ੀਪੁਣੇ ਦਾ ਨੰਗਾ ਨਾਚ ਕਰਦੇ ਕੁੱਝ ਗੁੰਡਾ ਕਿਸਮ ਦੇ** 17 **ਤੋਂ ਵੱਧ ਲੋਕਾਂ ਨੇ ਇੱਕ ਲੜਕੀ ਦੇ ਜ਼ਬਰੀ ਕੱਪੜੇ ਉਤਾਰੇ ਅਤੇ ਜ਼ਬਰਦਸਤੀ ਕੀਤੀ। ਉਸਤੋਂ ਬਾਅਦ ਪੰਜਾਬ ਦੇ ਕੁਰਾਲੀ ਸ਼ਹਿਰ ਵਿੱਚ ਹੀ ਕੁੱਝ ਇਸੇ ਤਰਹਾਂ ਦੀ ਖਬਰ ਸਾਹਮਣੇ ਆਈ। ਇਸ ਤੋਂ ਪਹਿਲਾਂ ਅੰਮ੍ਰਿਤਸਰ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਵਿਦਿਆਰਥਣ ਦਾ ਕੈਂਪਸ ਦੇ ਬਾਹਰ ਹੀ ਉਸਦੇ ਸਾਬਕਾ ਪ੍ਰੇਮੀ ਵੱਲੋਂ ਸ਼ਰੇਆਮ ਉਸਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ। ਇਹ ਸਾਰੀਆਂ ਘਟਨਾਵਾਂ ਪੜ੍ਹ, ਸੁਣ ਔਰ ਦੇਖਦਿਆਂ ਹੋਇਆਂ, ਮਿਤੀ** 26 **ਜੁਲਾਈ ਦੇ ਹਿੰਦੁਸਤਾਨ ਟਾਈਮਜ਼ ਅਖਬਾਰ ਤੇ ਪਹਿਲੇ ਅਤੇ ਨੌਵੇਂ ਪੇਜ਼ ਤੇ ਛਪੀਆਂ ਤਿੰਨ ਖਭਰਾਂ ਨੇ ਕਲਮ ਚੁੱਕਣ ਲਈ ਮਜਬੂਰ ਕਰ ਦਿੱਤਾ।**

**ਪਹਿਲੀ ਖਬਰ** '**Teen Kills Herself after Gangrape by Teachers**' '**ਟੀਨ ਕਿਲਸ ਹਰਸੈਂਲਫ ਆਫਟਰ ਗੈਂਗਰੈਪ ਬਾਏ ਟੀਚਰਸ**' **ਦੇ ਅਨੁਸਾਰ ਜੰਮੂ ਤੋਂ** 150 **ਕਿੱਲਮੀਟਰ ਦੂਰ ਰਾਜੌਰੀ ਵਿਖੇ ਦਸਵੀਂ ਜਮਾਤ ਵਿੱਚ ਪੜ੍ਹਦੀ** 16 **ਸਾਲ ਦੀ ਲੜਕੀ ਨਾਲ ਉਸਦੇ ਸਕੂਲ ਦੇ ਅਧਿਆਪਕਾਂ ਦੀ ਮਿਲੀਭੁਗਤ ਨਾਲ ਹੀ ਜ਼ਬਰੀ ਦੁਸ਼ਕਰਮ ਕਰ ਦਿੱਤਾ ਗਿਆ। ਆਪਣੀ ਸ਼ਿਕਾਇਤ ਦਰਜ ਕਰਵਾਉਣ ਤੋਂ ਦੋ ਦਿਨ ਬਾਅਦ ਉਕਿਤ ਲੜਕੀ ਵੱਲੋਂ ਜ਼ਹਿਰ ਖਾ ਕੇ ਆਤਮ ਹੱਤਿਆ ਕਰ ਲਈ ਗਈ।**

**ਦੂਜੀ ਖਬਰ ਦੇ ਸਿਰਲੇਖ** '**Minor Gangrape in Patna, Video Upload on Net**' ***ਮਾਈਨਰ ਗੈਂਗਰੇਪਡ ਇੰਨ ਪਟਨਾ, ਵੀਡੀਉ ਅੱਪਲੋਡ ਔਨ ਨੈੱਟ'*** ਦੇ ਅਨੁਸਾਰ ਬਿਹਾਰ ਵਿਖੇ ਇੱਕ 17 ਸਾਲ ਦੀ ਲੜਕੀ ਦਾ ਉਸਦੇ ਸਾਬਕਾ ਕਲਾਸਮੇਟ ' '**ਮਾਈਨਰ ਗੈਂਗਰੇਪਡ ਇੰਨ ਪਟਨਾ, ਵੀਡੀਉ ਅੱਪਲੋਡ ਔਨ ਨੈੱਟ**' **ਦੇ ਅਨੁਸਾਰ ਬਿਹਾਰ ਵਿਖੇ ਇੱਕ** 17 **ਸਾਲ ਦੀ ਲੜਕੀ ਦਾ ਉਸਦੇ ਸਾਬਕਾ ਕਲਾਸਮੇਟ ਨੇ** 4 **ਹੋਰਾਂ ਨਾਲ ਰਲ ਕੇ ਉਕਤ ਲੜਕੀ ਨਾਲ ਰੇਪ ਕਰਨ ਦੇ ਨਾਲ ਉਸਦਾ ਵੀਡੀਉ ਫਿਲਮਾਇਆ ਅਤੇ ਨੈੱਟ ਤੇ ਅੱਪਲੋਡ ਕਰ ਦਿੱਤਾ ਗਿਆ, ਉਥੋਂ ਦੇ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਵੱਲੋਂ ਉਕਤ ਦੋਸ਼ੀਆਂ ਦੇ ਖਿਲਾਫ ਗ੍ਰਿਫਤਾਰੀ ਦੇ ਵਰੰਟ ਜਾਰੀ ਕਰ ਦਿੱਤੇ ਗਏ ਸਨ।**

**ਤੀਸਰੀ ਖਬਰ ਵੀ ਇਸੇ ਖਬਰ ਦੇ ਹੇਠਾਂ** '**Rape, Student Ends Life**' '**ਰੇਪਡ, ਸਟੂਡੈਂਟ ਐਂਡਸ ਲਈਫ**' ਦੇ ਮੁਤਾਬਿਕ ਚੇਨਈ ਤੋਂ 180 ਕਿਲੋਮੀਟਰ ਦੂਰ ਚੇਨਗਮ ਇਲਾਕੇ ਵਿੱਚ ਇੱਕ 22 ਸਾਲਾ ਲੜਕੀ ਦੇ ਨਹਾਉਂਦੀ ਦਾ ਅਸ਼ਲੀਲ ਐੱਮ.ਐੱਮ. ਐੱਸ ਉਸਦਟ ਰਿਸ਼ਤੇਦਾਰ ਲੜਕੇ ਵੱਲੋਂ ਹੀ ਬਣਾ ਕੇ' '**ਰੇਪਡ,**

ਸਟੂਡੈਂਟ ਐਂਡਸ ਲਈਫ’ ਦੇ ਮੁਤਾਬਿਕ ਚੇਨਈ ਤੋਂ 180 ਕਿਲੋਮੀਟਰ ਦੂਰ ਚੇਨਗਮ ਇਲਾਕੇ ਵਿੱਚ ਇੱਕ 22 ਸਾਲਾ ਲੜਕੀ ਦੇ ਨਹਾਉਂਦੀ ਦਾ ਅਸ਼ਲੀਲ ਐੱਮ.ਐੱਮ. ਐੱਸ ਉਸਦਟ ਰਿਸ਼ਤੇਦਾਰ ਲੜਕੇ ਵੱਲੋਂ ਹੀ ਬਣਾ ਕੇ, ਉਸ ਨੂੰ ਬਲੈਕ ਮੇਲ ਕਰਦਾ ਰਿਹਾ ਤੇ ਬਾਅਦ ਵਿੱਚ ਨੈੱਟ ਤੇ ਪਾ ਦਿੱਤਾ, ਜਿਸ ਤੋਂ ਦੁੱਖੀ ਹੋ ਕੇ ਉਕਤ ਲੜਕੀ ਨੇ ਖੁਦਕੁਸ਼ੀ ਨੋਟ ਲਿਖ ਕੇ ਆਤਮਹੱਤਿਆ ਕਰ ਲਈ ।

ਇਸ ਤਰਹਾਂ ਇਹੋ ਜਿਹੀਆਂ ਵਹਿਸ਼ੀਪੁਣੇ ਦੀਆਂ ਘਟਨਾਵਾਂ ਦਿਨ-ਬ-ਦਿਨ ਵੱਧਦੀਆਂ ਜਾ ਰਹੀਆਂ ਹਨ, ਪਰ ਸਵਾਲ ਇਹ ਹੈ ਕਿ ਇਸ ਸੱਭ ਲਈ ਜਿੰਮੇਵਾਰ ਕੌਣ ਹੈ ? ਬੇਸ਼ੱਕ ਇਸ ਪਿੱਛੇ ਘਟੀਆ ਸੋਚ ਹੀ ਕੰਮ ਕਰਦੀ ਹੈ, ਪਰ ਇਸ ਗੰਦੀ ਸੋਚ ਨੂੰ ਬੜਾਵਾ ਦੇਣ ਵਿੱਚ ਕੀ ਸਾਡਾ ਇਲੈਕਟ੍ਰਿਨੋਕ ਮੀਡੀਆ, ਬਾਲੀਵੁੱਡ ਅਤੇ ਪਾਲੀਵੁੱਡ ਵਿੱਚ ਦਿਖਾਏ ਜਾ ਰਹੇ ਬੋਲਡ ਸੀਨ, ਅਸ਼ਲੀਲ ਦ੍ਰਿਸ਼, ਡਰਟੀ, ਜਿਸਮ ਵਰਗੀਆਂ ਫਿਲਮਾਂ ਦਾ ਨਿਰਮਾਣ, ਤੇ ਹੁਣ ਪੰਜਾਬ ਵਿੱਚ ਵੀ ਅਸ਼ਲੀਲ ਗਾਈਕੀ ਦਾ ਪਾਸਾਰਾ ਵੱਧਣਾ ਆਦਿਕ, ਕੀ (?) ਭਵਿੱਖ ਵਿੱਚ ਇਹੋ ਜਿਹੀਆਂ ਹੋਰ ਬੇਅੰਤ ਘਟਨਾਵਾਂ ਆਪਣੀ ਕੁੱਖ ਵਿੱਚ ਨਹੀਂ ਸਮਾਈ ਬੈਠਾ । ਇਹੋ ਜਿਹੀਆਂ ਫਿਲਮਾਂ, ਗੀਤਾਂ ਦੇ ਵਿਡੀਉ ਫਿਲ਼ਮਾਂਕਣ ਸਬੰਧੀ ਕੁੱਝ ਵਿਸ਼ੇਸ਼ ਕਾਇਦੇ ਕਾਨੂੰਨ ਹੋਣੇ ਚਾਹੀਦੇ ਹਨ, ਔਰ ਇਹਨਾਂ ਤੋਂ ਪ੍ਰੇਰਿਤ ਹੋ ਕੇ ਵਹਿਸ਼ੀਪਣ ਨੂੰ ਅੰਜਾਮ ਦੇਣ ਵਾਲੇ ਇਨਸਾਨੀ ਜਾਨਵਾਰਾਂ ਦੇ ਖਿਲਾਫ ਵੀ ਸਖਤ ਕਾਨੂੰਨੀ ਪ੍ਰਕਿਰਿਆ ਹੋਣੀ ਚਾਹੀਦੀ ਹੈ, ਜੋ ਰਸਤੇ ਵਿੱਚ ਜਾ ਰਹੀ ਕਿਸੇ ਵੀ ਲੜਕੀ ਨੂੰ ਆਪਣੀ ਵਾਸਣਾ ਦਾ ਸ਼ਿਕਾਰ ਬਨਾਉਣ ਤੋਂ ਗੁਰੇਜ ਨਹੀਂ ਕਰਦੇ । ਜਾਂ ਫਿਰ ਇਹ ਮੰਨ ਲਿਆਂ ਜਾਵੇ ਕਿ ਭਾਰਤ ਵਿੱਚ ਔਰਤ ਸੇਫ ਨਹੀਂ ??

ਮਈ ਮਹੀਨੇ ਸਿੰਘ ਸਭਾ ਯੂ.ਐੱਸ.ਏ ਵੈਬਸਾਈਟ ਤੇ ਛਪਿਆ ਲੇਖ

## ਕੁੜੀਆਂ ਨੂੰ ਚੀਜ਼ੀਆਂ, ਪਟੋਲੇ, ਪੁਰਜੇ ਦੱਸਣ ਵਾਲੇ ਫ਼ੇਸਬੁੱਕ ਪੇਜਾਂ ਵਿੱਚ ਅਪਲੋਡ ਹੋਣ ਵਾਲੀ ਅਗਲੀ ਤਸਵੀਰ ਤੁਹਾਡੇ ਪਰਿਵਾਰ ਵਿੱਚੋਂ ਵੀ ਕਿਸੇ ਦੀ ਹੋ ਸਕਦੀ ਹੈ!!

**–ਇਕਵਾਕ ਸਿੰਘ ਪੱਟੀ**

ਬੀਤੇ ਸਮੇਂ ਤੋਂ ਪੰਜਾਬ ਵਿੱਚ ਅਖੌਤੀ ਗਾਇਕਾਂ ਦੀ ਗੰਦੀ ਗਾਇਕੀ ਅਤੇ ਪਿਛਲੇ ਸਾਲਾਂ ਤੋਂ ਆਈਆਂ ਕੁੱਝ ਇਹਨਾਂ ਹੀ ਗਾਇਕਾਂ ਦੀਆਂ ਫਿਲਮਾਂ ਵਿੱਚ ਕੁੜੀਆਂ ਪ੍ਰਤੀ ਕੀਤੇ ਜਾ ਰਹੇ ਘਟੀਆ ਅਤੇ ਗੰਦੇ ਕੁਮੈਂਟਸ ਨੇ ਪੰਜਾਬ ਦੀਆਂ ਧੀਆਂ ਦਾ ਜਿਉਣਾ ਦੁਭਰ ਕੀਤਾ ਹੋਇਆ ਹੈ । ਬੇਸ਼ੱਕ ਇੱਕ ਲਹਿਰ ਜ਼ਮੀਨੀ ਪੱਧਰ ਤੇ ਇਸਤਰੀ ਜਾਗ੍ਰਿਤੀ ਮੰਚ ਵੱਲੋਂ ਅਸ਼ਲੀਲਤਾ ਖਿਲਾਫ ਸ਼ੁਰੂ ਕਰ ਦਿੱਤੀ ਗਈ ਹੈ, ਉਮੀਦ ਹੈ ਇਸਦਾ ਭਵਿੱਖ ਵਿੱਚ ਕੁੱਝ ਨਾ ਕੁੱਝ ਫਾਇਦਾ ਜ਼ਰੂਰ ਹੋਵੇਗਾ ਤੇ ਇਸ ਅਸੱਭਿਅਕ ਗਾਇਕੀ ਨੂੰ ਠੱਲ਼ ਪਵੇਗੀ । ਬਾਬਾ ਨਾਨਕ ਨੇ ਲੰਮੇ ਸਮੇਂ ਤੋਂ ਲਿਤਾੜੀ ਜਾ ਰਹੀ ਔਰਤ ਨੂੰ ਮਾਣ ਦਿੱਤਾ ਸੀ ਅਤੇ ਗੁਰਬਾਣੀ ਵਿੱਚ ਵੀ ਇਸਦੀ ਮਾਨਤਾ ਦਰਸਾਈ ਗਈ । ਨਹੀਂ ਤਾਂ ਇਹ ਉਹੀ ਔਰਤ ਸੀ ਜਿਸਨੂੰ ਜਹਿਰਲੀ ਨਾਗਿਨ, ਸ਼ਰਾਬ, ਮਾਰੂ ਜ਼ਹਿਰ ਕਿਹਾ ਜਾਂਦਾ ਸੀ ਅਤੇ ਕਈਆਂ ਨੇ ਤਾਂ ਇਸਨੂੰ ਨਾ-ਮੁਕੰਮਲ ਵਸਤੂ ਤੱਕ ਕਹਿ ਕੇ ਭੰਡਿਆ, ਪਰ ਬਾਬਾ ਨਾਨਕ ਨੇ ਸਪੱਸ਼ਟ ਕਰ ਦਿੱਤਾ ਕਿ 'ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨੁ॥' ਪਰ ਅੱਜ ਇਹ ਗੱਲ ਸੋਚਣੀ ਪਵੇਗੀ ਕਿ ਇਹ ਮਾਣ ਕਿਸ ਔਰਤ ਨੂੰ ਦਿੱਤਾ ਗਿਆ ਉਸਨੂੰ ਜੋ ਅੱਜ ਬਾਬਾ ਨਾਨਕ ਦੇ ਹੀ ਬਚਨ 'ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥ ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥1॥ ਰਹਾਉ ॥' ਨੂੰ ਖੋਰਾ ਲਗਾ ਰਹੀ ਹੈ, ਜਾਂ ਉਸਨੂੰ ਦਿੱਤਾ ਸੀ ਜੋ ਗੁਰਮਤਿ ਅਨੁਸਾਰ ਇੱਕ ਸੁਚੱਜੇ ਤਰੀਕੇ ਨਾਲ ਆਪਣੇ ਘਰ ਵਿੱਚ ਅਤੇ ਸਮਾਜ ਪ੍ਰਤੀ ਸੁਚੱਜੇ ਢੰਗ ਨਾਲ ਆਪਣੀ ਜ਼ਿੰਮੇਵਾਰੀ ਪ੍ਰਤੀ ਸੰਜੀਦਾ ਹੈ ।

ਕਿਉਂਕਿ ਉਪਰਲੇ ਪਹਿਲੇ ਪੈਰ੍ਹੇ ਵਿੱਚ ਜਿਸ ਗੱਲ ਦਾ ਜ਼ਿਕਰ ਕਿ ਜੋ ਗਾਇਕਾਂ ਵੱਲੋਂ ਕੁੜੀਆਂ/ਔਰਤਾਂ ਪ੍ਰਤੀ ਕੀਤਾ ਹੈ ਉਸ ਵਿੱਚ ਕਾਫੀ ਹੱਦ ਤੱਕ ਕੁੜੀਆਂ ਖੁਦ ਵੀ ਜ਼ਿੰਮੇਵਾਰ ਹਨ । ਜੋ ਅੱਜ ਪੱਛਮੀ ਸੱਭਿਅਤਾ ਦੀ ਨਕਲ ਕਰਕੇ ਖੁਦ ਬੇਪਰਦ ਹੋ ਕੇ ਬਾਜ਼ਾਰਾਂ ਵਿੱਚ ਅਤੇ ਸਕੂਲਾਂ/ਕਾਲਜਾਂ ਵਿੱਚ ਜਾਂਦੀ ਦੇਖੀਆਂ ਜਾ ਸਕਦੀਆਂ ਹਨ । ਜਿਸ ਕਰਕੇ ਛੇੜਛਾੜ ਦੇ ਮਾਮਲਿਆਂ ਵਿੱਚ ਵੀ ਵਾਧਾ ਹੁੰਦਾ ਹੈ ਅਤੇ ਇਸਨੂੰ ਉਕਸਾਉਣ ਵਿੱਚ ਮੱਦਦ ਕਰਦੇ ਨੇ ਸਾਡੇ ਸੱਭਿਆਚਾਰ ਦੇ ਦੁਸ਼ਮਣ ਜੋ ਮੀਡੀਏ ਰਾਹੀਂ ਗੀਤਾਂ ਅਤੇ ਫਿਲਮਾਂ ਰਾਹੀਂ ਸਾਡਾ ਮਾਨਸਿਕ ਸੋਸ਼ਣ ਕਰ ਰਹੇ ਹਨ ਅਤੇ ਵਹਿਸ਼ੀਪੁਣੇ ਵੱਲ ਪ੍ਰੇਰ ਰਹੇ ਹਨ ।

ਇਸ ਲਈ ਲੋੜ ਹੈ ਕਿ ਕੁੜੀਆਂ ਜੋ ਆਪਣੇ ਬਾਬੁਲ ਦੀ ਪੱਗ ਦੀ ਸ਼ਾਨ ਨੇ, ਘਰ ਦੀ ਇੱਜ਼ਤ ਨੇ ਆਪਣਾ ਫਰਜ਼ ਸਹੀ ਤਰੀਕੇ ਨਾਲ ਪਹਿਚਾਨਣ ਅਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਇਕਜੁੱਟ ਹੋਣ । ਪਰ ਅਫਸੋਸ ਕਿ ਅਖਬਾਰਾਂ ਵਿੱਚ ਖਬਰਾਂ ਨਸ਼ਰ ਹੋਣ ਤੋਂ ਬਾਅਦ ਵੀ 'ਕਿ ਫ਼ੇਸਬੁਕ ਤੇ ਲੜਕੀਆਂ ਦੀ ਫੋਟੋਆਂ ਦੀ ਹੁੰਦੀ ਹੈ ਦੁਰਵਰਤੋਂ' ਆਪਣੀਆਂ ਤਸਵੀਰਾਂ ਸੋਸ਼ਲ ਵੈਬਸਾਈਟ ਫੇਸਬੁੱਕ ਤੇ ਪਾਉਣ ਤੋਂ ਬਾਜ਼ ਨਹੀਂ ਆਉਂਦੀਆਂ । ਇੱਥੇ ਐਫ.ਬੀ.ਆਈ ਦੇ ਹਵਾਲੇ ਨਾਲ ਇੱਕ ਪੰਜਾਬੀ

ਅਖਬਾਰ ਵਿੱਚ ਛਪੀ ਖਬਰ ਨੂੰ ਦੁਹਰਾਣਾ ਉਚਿਤ ਹੋਵੇਗਾ ਜਿਸਦਾ ਸਿਰਲੇਖ ਸੀ 'ਫ਼ੇਸਬੁਕ ਯੂਜਰਸ ਸੈਂਕੜੇ ਕੁੜੀਆਂ ਦੀਆਂ ਫੋਟੋਆਂ ਪੋਰਨ ਵੈਬ-ਸਾਈਟਾਂ 'ਤੇ' ਜਿਸ ਵਿੱਚ ਦੱਸਿਆ ਗਿਆ ਸੀ ਕਿ ਇੱਕ ਗੁਮਨਾਮ ਬੁਲੇਟਿਨ ਨਾਮੀ ਵੈਬਸਾਈਟ ਵੱਲੋਂ ਸਕੂਲੀ ਵਿਦਿਆਰਥਣਾਂ ਦੀਆਂ ਫੋਟੋਆਂ ਨੂੰ ਕਾਪੀ ਕਰਕੇ ਉਹਨਾਂ ਦੀ ਗਲਤ ਵਰਤੋਂ ਕੀਤੀ ਜਾਂਦੀ ਹੈ, ਜਿਸਦਾ ਖੁਲਾਸਾ ਕਰਦਿਆਂ ਦੱਸਿਆ ਸੀ ਕਿ ਅਮਰੀਕਾ ਦੇ 50 ਸੂਬਿਆਂ ਦੀਆਂ ਕੁੜੀਆਂ ਦੀਆਂ ਤਸਵੀਰਾਂ ਉਕਤ ਵੈਬਸਾਈਟ ਦੇ ਪਈਆਂ ਹਨ ਅਤੇ ਨਾਲ ਹੀ ਤੁਹਾਡੀ ਫੇਸਬੁੱਕ ਤੋਂ ਜਾਣਕਾਰੀ ਚੋਰੀ ਕਰਕੇ ਤੁਹਾਡੇ ਇਲਾਕੇ ਦੇ ਆਲੇ ਦੁਆਲੇ ਦੇ ਸਕੂਲਾਂ ਅਤੇ ਘਰਾਂ ਦੇ ਸੰਕੇਤ ਵੀ ਦਿੱਤੇ ਗਏ ਹਨ।ਪੰਜਾਬ ਵਿੱਚ ਵੀ ਅੱਜ ਇਸ ਸੋਸ਼ਲ ਵੈਬ-ਸਾਈਟ ਫ਼ੇਸਬੁਕ ਨੂੰ ਵਰਤਣ ਵਾਲਿਆਂ ਵਿੱਚ ਵੱਡੀ ਪੱਧਰ ਤੇ ਵਾਧਾ ਦਰਜ ਹੋਇਆ ਹੈ, ਮਾਫ ਕਰਨਾ!

ਪੰਜਾਬੀਆਂ ਨੂੰ ਤਾਂ ਵੈਸੇ ਵੀ ਆਦਤ ਹੈ ਕਿ ਚੰਗੀ ਚੀਜ਼ ਨਾਲੋਂ ਪੁਠੇ ਕੰਮਾਂ ਦੀ ਨਕਲ ਛੇਤੀ ਕਰਦੇ ਹਨ ਅਤੇ ਇਹਨਾਂ ਨੇ ਫੇਸਬੁੱਕ ਤੇ ਕੁੜੀਆਂ ਪ੍ਰਤੀ ਅਸੱਭਿਕ ਗੀਤਾਂ ਅਤੇ ਫਿਲਮਾਂ ਵਿੱਚ ਵਰਤੇ ਜਾਣ ਵਾਲੇ ਉਹ ਕੁਮੈਂਟਸ ਜਿਸਦਾ ਜ਼ਿਕਰ ਉਪਰ ਕੀਤਾ ਹੈ ਦੇ ਨਾਮ ਦੇ ਕੇ 'ਵੀ.ਆਈ. ਪਟੋਲੇ, ਦੇਸੀ ਪਟੋਲੇ, ਸੋਹਣੀਆਂ ਚੀਜੀਆਂ, ਪੁਰਜੇ, ਘੈਂਟ ਕੁੜੀ, ਬਰਾਂਡੇਢ ਜੱਟੀ' ਆਦਿਕ ਨਾਵਾਂ ਨਾਲ, ਪੰਜਾਬੀ ਸੱਭਿਆਚਾਰ ਦਾ ਦੀਵਾਲਾ ਕੱਢਦੇ ਹੋਏ ਪੇਜ਼ ਬਣਾ ਲਏ ਹਨ । ਜੋ ਕਿ ਇਕ ਸ਼ਰਾਰਤੀ ਦਿਮਾਗ ਦੀ ਉਪਜ ਤੋਂ ਵੱਧ ਕੁੱਝ ਨਹੀਂ ਹੈ, ਪਰ ਇਸਦਾ ਨਤੀਜਾ ਘਾਤਕ ਹੋ ਸਕਦਾ ਹੈ । ਪਹਿਲਾਂ ਤਾਂ ਇਹਨਾਂ ਵੱਲੋਂ ਲੜਕੀਆਂ ਦੇ ਨਾਮ ਤੇ ਜਾਅਲੀ ਪ੍ਰੋਫਾਈਲਾਂ ਬਣਾਈਆਂ ਹਨ ਫਿਰ ਕੁੜੀਆਂ-ਮੁੰਡਿਆਂ ਨੂੰ ਦੋਸਤੀ ਦੀ ਬੇਨਤੀ ਭੇਜਣ ਤੋਂ ਬਾਅਦ ਇਸ ਪੇਜ਼ ਦਾ ਲਿੰਕ ਸੈਂਡ ਕਰਦੇ ਹਨ ਜੇ ਅਗਲਾ ਲਾਈਕ ਨਾ ਕਰੇ ਤਾਂ ਉਸਨੂੰ ਅਨਜਾਣਪੁਣੇ ਵਿੱਚ ਕੁੜੀਆਂ ਪਾਈਆਂ ਗਈਆਂ ਕੁੜੀਆਂ ਦੀਆਂ ਨੂੰ ਚੋਰੀ ਕਰਨ ਤੋਂ ਬਾਅਦ ਟੈਗ ਕਰ ਦਿੰਦੇ ਹਨ ਤਾਂ ਕਿ ਹੋਰ ਕੁੜੀਆਂ ਦੀਆਂ ਤਸਵੀਰਾਂ ਦੇਖਣ ਦੀ ਉਤਸੁਕਤਾ ਪੈਦਾ ਕੀਤਾ ਜਾ ਸਕੇ ਤੇ ਫਿਰ ਇਸੇ ਤਰ੍ਹਾਂ ਕੁੜੀਆਂ ਦੀਆਂ ਤਸਵੀਰਾਂ ਅੱਜ ਵੱਡੀ ਤਦਾਦ ਵਿੱਚ ਫੇਸਬੁੱਕ ਤੇ ਦੇਖੀਆਂ ਜਾ ਸਕਦੀਆਂ ਹਨ ਜੋ ਉਹਨਾਂ ਵੱਲੋਂ ਆਪਣੇ ਘਰ, ਕਾਲਜ ਜਾਂ ਸਕੂਲ ਜਾਂ ਫਿਰ ਕਿਸੇ ਘਰੇਲੂ ਪ੍ਰੋਗਰਾਮ ਦੌਰਾਨ ਖਿੱਚੀਆਂ ਹੁੰਦੀਆਂ ਹਨ । ਫਿਰ ਸਬੰਧਿਤ ਤਸਵੀਰਾਂ ਥੱਲੇ ਕੀਤੇ ਗਏ ਲੁੱਚ ਮੰਡਲੀ ਅਤੇ ਮੁੰਡੀਰ ਵੱਲੋਂ ਗੰਦੇ ਕੁਮੈਂਟਸ ਨੂੰ ਵੀ ਪੜ੍ਹਿਆ ਜਾ ਸਕਦਾ ਹੈ । ਇਹੋ ਜਿਹੇ ਪੇਜ਼ਾਂ ਨੂੰ ਲਾਈਕ ਜਾਂ ਪ੍ਰੋਮੋਟ ਕਰਨ ਨਾਲੋਂ ਚੰਗਾ ਹੈ ਕਿ ਨੈਤਿਕਤਾ ਦੇ ਅਧਾਰ ਤੇ ਪਹਿਲ ਕਰਦਿਆਂ ਇਹੋ ਜਿਹੇ ਪੇਜ਼ਾਂ ਨੂੰ ਤੁਰੰਤ ਬਲੋਕ ਕਰਨਾ ਚਾਹੀਦਾ ਹੈ ਤਾਂ ਕਿ ਕਿਤੇ ਇਹ ਨਾ ਹੋਵੇ ਕਿ ਇਹਨਾਂ ਪੇਜ਼ਾਂ ਵਿੱਚ ਸਾਨੂੰ ਕਿਤੇ ਆਪਣੇ ਹੀ ਪਰਿਵਾਰ ਦੀ ਕੁੜੀ ਦੀ ਤਸਵੀਰ ਵੇਖਣ ਨੂੰ ਮਿਲ ਜਾਵੇ, ਇਸ ਲਈ ਲੋੜ ਹੈ ਕਿ ਆਪਣੀਆਂ ਫੋਟੋਆਂ ਨੂੰ ਅਪਲੋਡ ਕਰਨ ਤੋਂ ਪ੍ਰਹੇਜ ਕੀਤਾ ਜਾਵੇ ਜਾਂ ਫਿਰ ਆਪਣੀ ਦੋਸਤੀ ਬਿਨ੍ਹਾ ਜਾਣ ਪਹਿਚਾਣ ਤੋਂ ਕਿਸੇ ਨਾਲ ਨਾ ਕੀਤੀ ਜਾਵੇ ਤੇ ਆਪਣੀ ਪ੍ਰਾਈਵੇਸੀ ਦਾ ਪੂਰਾ ਖਿਆਲ ਰੱਖਿਆ ਜਾਵੇ ਤਾਂ ਕਿ ਸੋਸ਼ਲ ਵੈਬਸਾਈਟਸ ਦੀ ਸਦਵਰਤੋਂ ਕਰਦੇ ਹੋਏ ਚੰਗੇ ਵਿਚਰਾਂ ਦਾ ਅਦਾਨ-ਪ੍ਰਦਾਨ ਕੀਤਾ ਜਾਂਦਾ ਰਹੇ ਤੇ ਕਦੇ ਵੀ ਇਸਦੀ ਵਰਤੋਂ ਕਰਕੇ ਕਿਸੇ ਤਰ੍ਹਾਂ ਦੇ ਹੋਣ ਵਾਲੇ ਵੱਡੇ ਨੁਕਸਾਨ ਅਤੇ ਅਪਮਾਨ ਤੋਂ ਬਚਿਆ ਜਾ ਸਕੇ ।



# ਮਤਰੇਏ ਪਿਓ ਵਲੋਂ ਧੀ ਨਾਲ ਮੂੰਹ ਕਾਲਾ

**ਸਟਾਫ ਰਿਪੋਰਟਰ, ਚੰਡੀਗੜ੍ਹ** : ਮਨੀਮਾਜਰਾ ਵਾਸੀ ਇਕ ਵਿਅਕਤੀ ਨੇ 14 ਸਾਲਾ ਧੀ ਨਾਲ ਮੂੰਹ ਕਾਲਾ ਕੀਤਾ। ਬੱਚੀ ਦੀ ਮਾਂ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਧੀ ਨਾਲ ਉਸ ਦੇ ਮਤਰੇਏ ਪਿਤਾ ਨੇ ਬਲਾਤਕਾਰ ਕੀਤਾ। ਉਸ ਨੇ ਦੱਸਿਆ ਕਿ ਸੁਸ਼ੀਲ ਉਸ ਦਾ ਦੂਜਾ ਪਤੀ ਹੈ। ਉਸ ਨੇ ਦੱਸਿਆ ਕਿ ਉਸ ਦੀ ਧੀ ਨੇ ਐਤਵਾਰ ਰਾਤ ਹੀ ਪਿਤਾ ਦੀ ਕਰਤੂਤ ਬਾਰੇ ਉਸ ਨੂੰ ਦੱਸਿਆ। ਪੁਲਸ ਮੁਤਾਬਕ ਬੱਚੀ ਨੇ ਉਸ ਦੀ ਮਾਂ ਨੂੰ ਦੱਸਿਆ ਕਿ ਕਥਿਤ ਦੋਸ਼ੀ ਨੇ ਦੁਸਹਿਰੇ ਵਾਲੇ ਦਿਨ ਉਸ ਨਾਲ ਜ਼ਬਰਦਸਤੀ ਕੀਤੀ ਸੀ। ਜਦੋਂ ਕੁੜੀ ਦੀ ਮਾਂ ਨੇ ਆਪਣੇ ਪਤੀ ਨੂੰ ਪੁੱਛਿਆ ਤਾਂ ਉਨ੍ਹਾਂ ਵਿਚਕਾਰ ਝਗੜਾ ਹੋ ਗਿਆ, ਜਿਸ ਤੋਂ ਬਾਅਦ ਉਹ ਭੱਜ ਗਿਆ।

**4 ਦਸੰਬਰ 2012 ਪੰਜਾਬੀ ਜਾਗਰਣ**



# ਵਿਆਹ ਦਾ ਲਾਲਚ ਦੇ ਕੇ ਲੜਕੀ ਨੂੰ ਬਣਾਇਆ ਹਵਸ ਦਾ ਸ਼ਿਕਾਰ

**ਪੱਤਰ ਪ੍ਰੇਰਕ, ਮਾਨਸਾ** : ਪਿੰਡ ਸਮਾਉਂ ਦੀ ਦਲਿਤ ਤੇ ਮਜ਼ਦੂਰ ਪਰਿਵਾਰ ਦੀ ਲੜਕੀ ਨੇ ਇਕ ਪੁਲਸ ਮੁਲਾਜ਼ਮ ਦੇ ਪੁੱਤਰ ਵਲੋਂ ਉਸ ਨੂੰ ਵਿਆਹ ਦਾ ਝਾਂਸਾ ਦੇ ਕੇ ਸਰੀਰਕ ਸ਼ੋਸ਼ਣ ਕਰਨ ਦੇ ਦੋਸ਼ ਲਗਾਏ ਹਨ। ਉਸ ਨੇ ਇਸ ਮਾਮਲੇ ਸਬੰਧੀ ਪੁਲਸ ਅਧਿਕਾਰੀਆਂ ਕੋਲ ਇਨਸਾਫ ਦੀ ਗੁਹਾਰ ਲਗਾਈ ਹੈ। ਪੀੜਤਾ ਦਾ ਕਹਿਣਾ ਹੈ ਕਿ ਸਰੀਰਕ ਸ਼ੋਸ਼ਣ ਕਰਨ ਵਾਲਾ ਵਿਅਕਤੀ ਕਿਸੇ ਅਕਾਲੀ ਵਿਧਾਇਕ ਦਾ ਨੇੜਲਾ ਰਿਸ਼ਤੇਦਾਰ ਹੈ, ਜਿਸ ਕਰਕੇ ਉਸ ਦੀ ਕੋਈ ਸੁਣਵਾਈ ਨਹੀ ਹੋ ਰਹੀ। ਇਸ ਮਾਮਲੇ ਦੀ ਜਾਂਚ ਡੀਐਸਪੀ ਸੁਲੱਖਣ ਸਿੰਘ ਕਰ ਰਹੇ ਹਨ।

ਪਿੰਡ ਧਲੇਵਾਂ ਦੀ ਨਰਸਿੰਗ ਦੀ ਵਿਦਿਆਰਥਣ ਕਿਰਨ ਕੌਰ ਨੇ ਜ਼ਿਲ੍ਹਾ ਪੁਲਸ ਕਪਤਾਨ ਨੂੰ ਲਿਖੇ ਪੱਤਰ ਵਿਚ ਹੱਡਬੀਤੀ ਦਾ ਜ਼ਿਕਰ ਕੀਤਾ ਹੈ। ਪੀੜਤਾ ਮੁਤਾਬਕ ਜਦ ਉਹ ਪੜ੍ਹਨ ਲਈ ਜਾਂਦੀ ਹੁੰਦੀ ਸੀ, ਤਾਂ ਇਕ ਪੁਲਸ ਮੁਲਾਜ਼ਮ ਦੇ ਲੜਕੇ ਰਾਜਿੰਦਰ ਸਿੰਘ ਨੇ ਉਸ ਨੂੰ ਆਪਣੇ ਸੰਪਰਕ ਵਿਚ ਲਿਆ ਤੇ ਵਿਆਹ ਕਰਵਾਉਣ ਦਾ ਝਾਂਸਾ ਦਿੱਤਾ। ਉਪਰੰਤ ਉਨ੍ਹਾਂ ਵਿਚ ਸਰੀਰਕ ਸਬੰਧ ਵੀ ਹੋ ਗਏ। ਪੀੜਤਾ ਦਾ ਕਹਿਣਾ ਹੈ ਕਿ ਇਕ ਵਾਰ ਉਸ ਦਾ ਗਰਭਪਾਤ ਵੀ ਕਰਵਾਇਆ ਗਿਆ। ਜਿਹੜੇ ਡਾਕਟਰ ਤੋਂ ਉਸ ਦਾ ਗਰਭਪਾਤ ਕਰਵਾਇਆ ਗਿਆ, ਉਸ ਨੂੰ ਪੁਲਸ ਨੇ ਇਕ ਵਾਰ ਜਾਂਚ ਲਈ ਹਿਰਾਸਤ ਵਿਚ ਲਿਆ। ਬਾਅਦ ਵਿਚ ਗੱਲ ਆਈ-ਗਈ ਹੋ ਗਈ। ਪੀੜਤਾ ਮੁਤਾਬਕ ਰਾਜਿੰਦਰ ਨੇ ਚੋਰੀ-ਛੁਪੇ ਕਿਸੇ ਹੋਰ ਥਾਂ ਵਿਆਹ ਕਰਵਾ ਲਿਆ। ਕਿਰਨ ਦਾ ਕਹਿਣਾ ਹੈ ਕਿ ਇਸ ਵਿਚ ਇਕ ਅਕਾਲੀ ਵਿਧਾਇਕ ਦੀ ਸਿਆਸੀ ਪਹੁੰਚ ਹੋਣ ਕਾਰਨ ਕੁਝ ਵੀ ਨਹੀਂ ਕੀਤਾ ਜਾ ਰਿਹਾ।ਇਸ ਮਾਮਲੇ ਸਬੰਧੀ ਅਕਾਲੀ ਵਿਧਾਇਕ ਬੁਢਲਾਡਾ ਚਤਿੰਨ ਸਿੰਘ ਸਮਾਉਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਬਾਰੇ ਕੁਝ ਪਤਾ ਨਹੀਂ ਤੇ ਬਿਨਾਂ ਮਤਲਬ ਦੀਆਂ ਗੱਲਾਂ ਬਣਾ ਕੇ ਉਨਾਂ ਦਾ ਨਾਂ ਇਸ ਵਿਚ ਉਛਾਲਿਆ ਜਾ ਰਿਹਾ ਹੈ।

**ਸਰੀਰਕ ਸ਼ੋਸ਼ਣ ਕਰਨ ਵਾਲਾ ਨੌਜਵਾਨ ਅਕਾਲੀ ਵਿਧਾਇਕ ਦਾ ਨੇੜਲਾ ਰਿਸ਼ਤੇਦਾਰ**

**5 ਦਸੰਬਰ 2012 ਪੰਜਾਬੀ ਜਾਗਰਣ**

# ਡਾਂਸਰ ਨੂੰ ਗੋਲੀ ਮਾਰਨ ਵਾਲੇ ਨੌਜਵਾਨ 'ਤੇ ਪੁਲਸ ਨੇ ਕੀਤਾ ਪਰਚਾ ਦਰਜ

**ਸਟਾਫ ਰਿਪੋਰਟਰ, ਫ਼ਰੀਦਕੋਟ** : ਪਿੰਡ ਖੱਚੜਾ ਵਿਖੇ ਬੀਤੇ ਦਿਨ ਵਿਆਹ ਦੀ ਪਾਰਟੀ 'ਚ ਡਾਂਸਰ ਲੜਕੀ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰਨ ਵਾਲੇ ਨੌਜਵਾਨ ਨਵਦੀਪ ਸਿੰਘ ਵਾਸੀ ਲੰਗੇਆਣਾ ਖ਼ਿਲਾਫ਼ ਥਾਣਾ ਜੈਤੋ ਵਿਖੇ ਮਾਮਲਾ ਦਰਜ ਕਰ ਲਿਆ ਗਿਆ ਹੈ, ਜਿਸ ਤੋਂ ਬਾਅਦ ਪੁਲਸ ਵਲੋਂ ਫ਼ਰਾਰ ਹੋਏ ਕਥਿਤ ਦੋਸ਼ੀ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

ਐਸਪੀਡੀ ਦਿਲਬਾਗ ਸਿੰਘ ਪਨੂੰ ਨੇ ਦੱਸਿਆ ਕਿ ਆਰਕੈਸਟਰਾ ਗਰੁੱਪ ਮਾਲਕ ਸ਼ੌਕੀ ਗਿੱਲ ਮੁਦਕੀ ਦੇ ਬਿਆਨਾਂ 'ਤੇ ਉਕਤ ਨੌਜਵਾਨ ਵਿਰੁੱਧ ਮਾਮਲਾ ਦਰਜ ਕਰ ਲਿਆ ਗਿਆ ਹੈ। ਇਸ ਮਾਮਲੇ ਸਬੰਧੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਆਰਕੈਸਟਰਾ ਗਰੁੱਪ ਮਾਲਕ ਨੇ ਦੱਸਿਆ ਕਿ ਉਨ੍ਹਾਂ ਦਾ ਗਰੁੱਪ ਪਿੰਡ ਖੱਚਰਾਂ ਵਿਖੇ ਕੌਰ ਸਿੰਘ ਦੇ ਘਰ ਉਸ ਦੇ ਲੜਕੇ ਦੇ ਵਿਆਹ ਦੀ ਖੁਸ਼ੀ ਵਿਚ ਚੱਲ ਰਹੀ ਪਾਰਟੀ ਵਿਚ ਭਾਗ ਲੈਣ ਲਈ ਗਿਆ ਸੀ, ਜਿਸ ਦੌਰਾਨ ਉਕਤ ਨੌਜਵਾਨ ਵਲੋਂ ਗਰੁੱਪ ਡਾਂਸਰ ਨੂੰ ਆਪਣੇ ਨਾਲ ਨੱਚਣ ਲਈ ਮਜਬੂਰ ਕੀਤਾ ਗਿਆ। ਮਨ੍ਹਾ ਕੀਤੇ ਜਾਣ 'ਤੇ ਦੋਸ਼ੀ ਵਲੋਂ ਕਥਿਤ ਰੂਪ ਵਿਚ ਤੈਸ਼ ਵਿਚ ਆ ਕੇ ਡਾਂਸਰ 'ਤੇ ਫਾਇਰ ਕਰ ਦਿੱਤਾ ਗਿਆ, ਜਿਸ ਨਾਲ ਗੰਭੀਰ ਜ਼ਖ਼ਮੀ ਹੋਈ ਡਾਂਸਰ ਨੂੰ ਪਹਿਲਾਂ ਕੋਟਕਪੂਰਾ ਦੇ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੇ ਹਾਲਤ ਗੰਭੀਰ ਹੋਣ 'ਤੇ ਇਸ ਨੂੰ ਫਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਵਿਖੇ ਰੈਫਰ ਕਰ ਦਿੱਤਾ ਗਿਆ।

**ਪੁਲਸ ਕਾਰਵਾਈ**

- ਘਟਨਾ ਵਿਚ ਵਰਤੀ ਗਈ ਰਾਈਫਲ ਬਰਾਮਦ
- ਦੋਸ਼ੀ ਦੀ ਗ੍ਰਿਫ਼ਤਾਰੀ ਸਬੰਧੀ ਅਗਲੇਰੀ ਕਵਾਇਦ ਸ਼ੁਰੂ
- ਵਿਆਹ ਦੀ ਪਾਰਟੀ ਮੌਕੇ ਮਾਰੀ ਗਈ ਸੀ ਡਾਂਸਰ ਨੂੰ ਗੋਲੀ

ਐਸਪੀਡੀ ਪਨੂੰ ਨੇ ਦੱਸਿਆ ਕਿ ਥਾਣਾ ਜੈਤੋ ਵਿਖੇ ਦੋਸ਼ੀ ਖ਼ਿਲਾਫ਼ ਇਰਾਦਾ ਕਤਲ ਦਾ ਮਾਮਲਾ ਦਰਜ ਕਰਕੇ ਮਾਮਲੇ ਵਿਚ ਇਸਤੇਮਾਲ ਕੀਤੀ ਰਾਈਫਲ ਵੀ ਬਰਾਮਦ ਕਰ ਲਈ ਗਈ ਹੈ। ਇਸ ਤੋਂ ਬਾਅਦ ਫ਼ਰਾਰ ਹੋਏ ਦੋਸ਼ੀ ਦੀ ਭਾਲ ਵਿਚ ਪੁਲਸ ਟੀਮਾਂ ਰਵਾਨਾ ਕਰ ਦਿੱਤੀਆਂ ਗਈਆਂ ਹਨ। ਇਹ ਵੀ ਜਾਂਚ ਕੀਤੀ ਜਾ ਰਹੀ ਹੈ ਕਿ ਘਟਨਾ ਵਿਚ ਵਰਤੀ ਗਈ ਇਹ ਰਾਈਫਲ ਦੋਸ਼ੀ ਦੀ ਲਾਇਸੰਸੀ ਹੈ ਜਾਂ ਨਜਾਇਜ਼।

**6 ਦਸੰਬਰ 2012 ਪੰਜਾਬੀ ਜਾਗਰਣ**

# 13 ਸਾਲ ਦੀ ਲੜਕੀ ਦਾ ਕਤਲ, ਖੇਤਾਂ 'ਚੋਂ ਮਿਲੀ ਲਾਸ਼

**ਸਟਾਫ ਰਿਪੋਰਟਰ, ਗੁਰਦਾਸਪੁਰ** : ਜ਼ਿਲ੍ਹਾ ਗੁਰਦਾਸਪੁਰ ਦੇ ਅਧੀਨ ਆਉਂਦੇ ਪੁਲਸ ਥਾਣਾ ਦੌਰਾਂਗਲਾ ਦੇ ਪਿੰਡ ਹਸਨਪੁਲਾ ਵਿਖੇ ਅੱਜ ਸ਼ਾਮ ਇਕ 13 ਸਾਲ ਦੀ ਮਾਸੂਮ ਲੜਕੀ ਦਾ ਕਤਲ ਕਰਕੇ ਉਸ ਦੀ ਲਾਸ਼ ਖੇਤਾਂ 'ਚ ਸੁੱਟ ਦਿੱਤੀ ਗਈ। ਇਹ ਸ਼ੱਕ ਜਤਾਇਆ ਜਾ ਰਿਹਾ ਹੈ ਕਿ ਇਸ ਨਾਬਾਲਿਗ ਲੜਕੀ ਨੂੰ ਅਗਵਾ ਕਰਕੇ ਉਸ ਦਾ ਸਰੀਰਕ ਸ਼ੋਸ਼ਣ ਕੀਤਾ ਗਿਆ ਬਾਅਦ 'ਚ ਉਸ ਦਾ ਕਤਲ ਕਰ ਦਿੱਤਾ ਗਿਆ। ਮ੍ਰਿਤਕਾ ਦੀ ਪਛਾਣ ਪਲਵਿੰਦਰ ਕੌਰ ਪੁੱਤਰੀ ਬਖ਼ਸ਼ੀਸ਼ ਸਿੰਘ ਵਾਸੀ ਪਿੰਡ ਹਸਨਪੁਰਾ ਵਜੋਂ ਹੋਈ ਹੈ।

ਜਾਣਕਾਰੀ ਅਨੁਸਾਰ ਪਲਵਿੰਦਰ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗਾਹਲੜੀ ਵਿਖੇ 8 ਵੀਂ ਜਮਾਤ ਦੀ ਵਿਦਿਆਰਥਣ ਸੀ। ਉਸ ਨੂੰ ਦੁਪਹਿਰ ਸਾਢੇ 3 ਵਜ੍ਹੇ ਦੇ ਕਰੀਬ ਸਕੂਲ 'ਚੋਂ ਛੁੱਟੀ ਹੋ ਜਾਂਦੀ ਹੈ। ਛੁੱਟੀ ਹੋਣ ਉਪਰੰਤ ਕੁਝ ਮਿੰਟਾਂ ਵਿਚ ਉਹ ਘਰ ਪਹੁੰਚ ਜਾਂਦੀ ਸੀ ਪਰ ਅੱਜ ਜਦੋਂ ਸ਼ਾਮ 5 ਵਜੇ ਤੱਕ ਵੀ ਘਰ ਨਾ ਪਰਤੀ ਤਾਂ ਘਰ ਵਾਲਿਆਂ ਦੀ ਚਿੰਤਾ ਵਧ ਗਈ। ਉਨ੍ਹਾਂ ਇਸ ਦੀ ਸੂਚਨਾ ਪੁਲਸ ਥਾਣਾ ਦੌਰਾਂਗਲਾ ਨੂੰ ਦਿੱਤੀ। ਪੁਲਸ ਵਲੋਂ ਕੀਤੀ ਗਈ ਛਾਣਬੀਣ ਦੌਰਾਨ ਸ਼ਾਮ ਸਾਢੇ 6 ਵਜੇ ਦੇ ਕਰੀਬ ਪਿੰਡ ਹਸਨਪੁਰਾ ਵਿਚ ਸਥਿਤ ਇਕ ਕਮਾਦ ਦੇ ਖੇਤ ਵਿਚੋਂ ਮਿਲੀ। ਮੁੱਢਲੀ ਜਾਣਕਾਰੀ ਅਨੁਸਾਰ ਉਸ ਦੀ ਹੱਤਿਆ ਗਲ਼ਾ ਦਬਾ ਕੇ ਕੀਤੀ ਗਈ ਪ੍ਰਤੀਤ ਹੋ ਰਹੀ ਹੈ। ਅਜਿਹੀ ਸੰਭਾਵਨਾ ਵੀ ਹੈ ਕਿ ਦੋਸ਼ੀਆਂ ਨੇ ਕਤਲ ਤੋਂ ਪਹਿਲਾਂ ਉਸਦਾ ਸਰੀਰਕ ਸ਼ੋਸ਼ਣ ਕੀਤਾ ਹੋਵੇ।

**6 ਦਸੰਬਰ 2012 ਪੰਜਾਬੀ ਜਾਗਰਣ**



# ਅੰਮ੍ਰਿਤਸਰ ’ਚ ਅਕਾਲੀ ਆਗੂ ਨੇ ਥਾਣੇਦਾਰ ਮਾਰ’ਤਾ

**ਪੰਜਾਬੀ ਜਾਗਰਣ ਟੀਮ, ਅੰਮ੍ਰਿਤਸਰ :** ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਜਨਰਲ ਸਕੱਤਰ ਰਣਜੀਤ ਸਿੰਘ ਰਾਣਾ ਤੇ ਉਸ ਦੇ ਸਾਥੀਆਂ ਨੇ ਘਰਿੰਡਾ ਥਾਣੇ ’ਚ ਤਾਇਨਾਤ ਏਐਸਆਈ ਰਵਿੰਦਰ ਸਿੰਘ ਦੀ ਗੋਲੀਆਂ ਮਾਰ ਕੇ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ। ਦੋਸ਼ੀ ਰਾਣਾ ਥਾਣੇਦਾਰ ਰਵਿੰਦਰ ਸਿੰਘ ਦੀ ਬੇਟੀ ਨਾਲ ਅਕਸਰ ਛੇੜਖਾਨੀ ਕਰਦਾ ਸੀ। ਰਵਿੰਦਰ ਸਿੰਘ ਨੇ ਉਸ ਨੂੰ ਰੋਕਿਆ ਤਾਂ ਅਕਾਲੀ ਆਗੂ ਨੇ ਗੁੱਸੇ ਵਿਚ ਆ ਕੇ ਉਸ ’ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਜ਼ਖ਼ਮੀ ਥਾਣੇਦਾਰ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਇਹ ਘਟਨਾ ਥਾਣਾ ਛੇਹਰਟਾ ਤੋਂ ਮਹਿਜ਼ ਦਸ ਗਜ ਦੀ ਦੂਰੀ ’ਤੇ ਦੁਪਹਿਰ ਸਾਢੇ ਕੁ ਤਿੰਨ ਵਜੇ ਵਾਪਰੀ।

- **ਧੀ ਨੂੰ ਛੇੜਨ ਤੋਂ ਰੋਕਣ ’ਤੇ ਮਾਰੀਆਂ ਗੋਲੀਆਂ, ਧੀ ਵੀ ਜ਼ਖ਼ਮੀ**
- **ਥਾਣੇ ’ਚ ਤਾਇਨਾਤ ਐਸਐਚਓ ਨੇ ਜ਼ਖ਼ਮੀ ਏਐਸਆਈ ਰਵਿੰਦਰ ਸਿੰਘ ਦੀ ਕੋਈ ਮਦਦ ਨਾ ਕੀਤੀ**
- **ਛੇਹਰਟਾ ਦਾ ਐਸਐਚਓ ਮੁਅੱਤਲ, ਮਾਮਲੇ ਦੀ ਜਾਂਚ ਡੀਸੀਪੀ ਨੂੰ ਸੌਂਪੀ**

ਰਣਜੀਤ ਸਿੰਘ ਰਾਣਾ ਨੇ ਰਵਿੰਦਰ ਸਿੰਘ ’ਤੇ ਆਪਣੇ ਰਿਵਾਲਵਰ ਨਾਲ ਗੋਲੀਆਂ

■ ਬਾਕੀ ਸਫ਼ਾ 2 ਕਾਲਮ 3 ’ਤੇ

**ਏਐਸਆਈ ਰਵਿੰਦਰ ਸਿੰਘ ਦੀ ਲਾਸ਼ ਕੋਲ ਵਿਰਲਾਪ ਕਰਦੀ ਉਸ ਦੀ ਪਤਨੀ ਪਰਮਜੀਤ ਕੌਰ ਤੇ ਰਿਸ਼ਤੇਦਾਰ। (ਹਾਸ਼ੀਏ ’ਚ) ਰਾਣਾ ਦੀ ਫਾਈਲ ਫੋਟੋ।** ਪੰਜਾਬੀ ਜਾਗਰਣ

## ਇਹ ਸੀ ਮਾਮਲਾ

**ਥਾਣਾ ਛੇਹਰਟਾ** ਨੇੜੇ ਸਥਿਤ ਪਿੰਡ ਰਾਮਪੁਰਾ ਨਿਵਾਸੀ ਰਵਿੰਦਰ ਸਿੰਘ ਪੰਜਾਬ ਪੁਲਸ ਵਿਚ ਏਐਸਆਈ ਦੇ ਰੂਪ ਵਿਚ ਸਰਹੱਦੀ ਥਾਣਾ ਘਰਿੰਡਾ ਵਿਖੇ ਤਾਇਨਾਤ ਸੀ। ਉਸ ਦੇ ਬੇਟੀ ਆਈਲੈਟਸ ਕਰ ਰਹੀ ਹੈ। ਪਿਛਲੇ ਕਈ ਦਿਨਾਂ ਤੋਂ ਇਲਾਕਾ ਜਾਪਾਨੀ ਮਿਲ ਛੇਹਰਟਾ ਨਿਵਾਸੀ ਤੇ ਜ਼ਿਲ੍ਹਾ ਅਕਾਲੀ ਜੱਥਾ ਸ਼ਹਿਰੀ ਦੇ ਜਨਰਲ ਸਕੱਤਰ ਰਣਜੀਤ ਸਿੰਘ ਰਾਣਾ ਆਪਣੇ ਦੋਸਤਾਂ ਨਾਲ ਮਿਲ ਕੇ ਉਸ ਨੂੰ ਰਾਹ ਵਿਚ ਛੇੜਦਾ ਰਹਿੰਦਾ ਸੀ। ਇਸ ਸਬੰਧੀ ਥਾਣਾ ਛੇਹਰਟਾ ਵਿਚ ਸ਼ਿਕਾਇਤ ਵੀ ਦਰਜ ਕਰਵਾਈ ਗਈ ਪਰ ਪੁਲਸ ਨੇ ਕੋਈ ਕਾਰਵਾਈ ਨਹੀਂ ਕੀਤੀ।

**6 ਦਸੰਬਰ 2012 ਪੰਜਾਬੀ ਜਾਗਰਣ**



# ਅਣਪਛਾਤੇ ਵਿਅਕਤੀਆਂ ਵਲੋਂ ਲੜਕੀ ਦਾ ਕਤਲ

**ਪੱਤਰ ਪ੍ਰੇਰਕ, ਮਾਹਿਲਪੁਰ (ਹੁਸ਼ਿਆਰਪੁਰ) :** ਬੁੱਧਵਾਰ ਸ਼ਾਮ ਆਪਣੀ ਸਹੇਲੀ ਦੇ ਘਰ ਜਾਣ ਲਈ ਕਹਿ ਕੇ ਨਿਕਲੀ ਇਕ ਲੜਕੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਲੜਕੀ ਦੀ ਲਾਸ਼ ਖੂਨ ਨਾਲ ਲੱਥ-ਪੱਥ ਮਿਲਣ ’ਤੇ ਇਲਾਕੇ ਵਿਚ ਸਨਸਨੀ ਫੈਲ ਗਈ। ਫਿਲਹਾਲ ਕਤਲ ਦੇ ਕਾਰਨਾਂ ਦਾ ਪਤਾ ਨਹੀ ਲੱਗ ਸਕਿਆ। ਥਾਣਾ ਮਾਹਿਲਪੁਰ ਪੁਲਸ ਨੇ ਲਾਸ਼ ਕਬਜ਼ੇ ਵਿਚ ਲੈ ਕੇ ਤਫਤੀਸ਼ ਸ਼ੁਰੂ ਕਰ ਦਿੱਤੀ ਹੈ। ਕਾਤਲ ਆਪਣੇ ਮਨਸੂਬੇ ਨੂੰ ਅੰਜਾਮ ਦੇਣ ਤੋਂ ਬਾਅਦ ਨਗਦੀ, ਮੋਬਾਈਲ ਅਤੇ ਗਹਿਣੇ ਲੈ ਉੱਡੇ। ਲਾਸ਼ ਮਾਹਿਲਪੁਰ ਸ਼ਹਿਰ ਦੇ ਬਾਹਰਵਾਰ ਬਘੌਰਾ ਰੋਡ ’ਤੇ ਪਈ ਹੋਈ ਸੀ।

ਬਲਾਕ ਮਾਹਿਲਪੁਰ ਦੇ ਪਿੰਡ ਸੁਭਾਨਪੁਰ ਦੇ ਸਰਕਾਰੀ ਸਕੂਲ ਦੇ ਅਧਿਆਪਕ ਕਪੂਰ ਸਿੰਘ ਨੇ ਦੱਸਿਆ ਕਿ ਉਸ ਦੀ ਬੇਟੀ ਮਨਪ੍ਰੀਤ ਕੌਰ (25) ਬੁੱਧਵਾਰ ਸ਼ਾਮ ਛੇ ਵਜੇ ਦੇ ਕਰੀਬ ਆਪਣੀ ਐਕਟਿਵਾ ’ਤੇ ਘਰ ਇਹ ਕਹਿ ਕੇ ਗਈ ਕਿ ਉਹ ਆਪਣੀ ਕਿਸੇ ਸਹੇਲੀ ਦੀ ਭੈਣ ਦੀ ਕੁੜਮਾਈ ਵਿਚ ਸ਼ਾਮਲ ਹੋਣ ਜਾ ਰਹੀ ਹੈ।

ਪਿੰਡ ਦੀ ਇਕ ਦੁਕਾਨ ਤੋਂ ਉਸ ਨੇ ਆਪਣੀ ਸਹੇਲੀ ਦਾ ਮੋਬਾਈਲ ਵੀ ਰੀਚਾਰਜ ਕਰਵਾਇਆ ਅਤੇ ਆਪਣੀ ਮਾਂ ਤੋਂ ਪੈਸੇ ਵੀ ਲਏ। ਘਰੋਂ ਜਾਣ ਉਪਰੰਤ ਮਨਪ੍ਰੀਤ ਨਾਲ ਕੋਈ ਸੰਪਰਕ ਨਹੀ ਹੋ ਸਕਿਆ। ਮਨਪ੍ਰੀਤ ਦੇ ਕਤਲ ਦੀ ਖਬਰ ਸਵੇਰੇ ਪੁਲਸ ਤੋਂ ਮਿਲੀ। ਉਨ੍ਹਾਂ ਮੌਕੇ ’ਤੇ ਜਾ ਕੇ ਦੇਖਿਆ ਤਾਂ ਮਨਪ੍ਰੀਤ ਦੀ ਲਾਸ਼ ਸੜਕ ਕੰਢੇ ਪਈ ਹੋਈ ਸੀ ਤੇ ਐਕਟਿਵਾ ਕੋਲ ਹੀ ਡਿੱਗੀ ਹੋਈ ਸੀ। ਉਨ੍ਹਾਂ ਦੀ ਬੇਟੀ ਦੇ ਪਰਸ ਵਿਚੋਂ ਤਿੰਨ ਹਜ਼ਾਰ ਦੀ ਨਗਦੀ, ਇਕ ਮੋਬਾਈਲ ਫੋਨ, ਇਕ ਅੰਗੂਠੀ, ਸੋਨੇ ਦੀ ਚੇਨ ਅਤੇ ਘੜੀ ਵੀ ਗਾਇਬ ਸੀ।

**ਵਾਰਦਾਤ**

- **ਕਤਲ ਤੋਂ ਬਾਅਦ ਮੋਬਾਈਲ, ਨਗਦੀ ਤੇ ਗਹਿਣੇ ਲੈ ਉੱਡੇ ਕਾਤਲ**
- **ਸਹੇਲੀ ਦੀ ਭੈਣ ਦੀ ਕੁੜਮਾਈ ’ਤੇ ਜਾਣ ਦਾ ਕਹਿ ਕੇ ਘਰੋਂ ਗਈ ਸੀ ਲੜਕੀ**

ਮਨਪ੍ਰੀਤ ਨੇ ਬੀਐਸਸੀ ਨਰਸਿੰਗ ਦਾ ਕੋਰਸ ਪੂਰਾ ਕੀਤਾ ਸੀ ਅਤੇ ਉਸ ਦੀ ਕਿਸੇ ਨਾਲ ਕੋਈ ਦੁਸ਼ਮਣੀ ਵੀ ਨਹੀ ਸੀ। ਸਿਰ ’ਤੇ ਵਾਰ ਕਰਕੇ ਮਨਪ੍ਰੀਤ ਦਾ ਕਤਲ ਕੀਤਾ ਗਿਆ ਸੀ। ਥਾਣਾ ਮਾਹਿਲਪੁਰ ਦੀ ਪੁਲਸ ਨੇ ਮੌਕੇ ’ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

ਥਾਣਾ ਮੁਖੀ ਪਰਮਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਕਤਲ ਦਾ ਮਾਮਲਾ ਦਰਜ ਕਰ ਲਿਆ ਹੈ ਤੇ ਕੁਝ ਵਿਅਕਤੀਆਂ ਨੂੰ ਪੁੱਛਗਿੱਛ ਲਈ ਹਿਰਾਸਤ ਵਿਚ ਵੀ ਲਿਆ ਹੈ। ਪੁਲਸ ਵੱਖ-ਵੱਖ ਪਹਿਲੂਆਂ ’ਤੇ ਜਾਂਚ ਕਰ ਰਹੀ ਹੈ।

**7 ਦਸੰਬਰ 2012 ਪੰਜਾਬੀ ਜਾਗਰਣ**

# ਵਿਦਿਆਰਥਣ ਨੂੰ ਭਜਾਉਣ ਦੇ ਦੋਸ਼ 'ਚ ਪੰਜ ਵਿਅਕਤੀ ਨਾਮਜ਼ਦ

**ਕਰਾਈਮ ਰਿਪੋਰਟਰ, ਅੰਮ੍ਰਿਤਸਰ** : ਮਹਾਂਨਗਰ ਦੇ ਇਕ ਕਾਲਜ ਦੇ ਹੋਸਟਲ ਵਿਚ ਰਹਿ ਰਹੀ ਵਿਦਿਆਰਥਣ ਨੂੰ ਵਿਆਹ ਦਾ ਝਾਂਸਾ ਦੇ ਕੇ ਭਜਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਵਿਦਿਆਰਥਣ ਨੂੰ ਭਜਾਉਣ ਵਾਲੇ ਮੁੱਖ ਦੋਸ਼ੀ ਤੇ ਉਸ ਦੇ ਪਰਿਵਾਰ ਤੇ ਥਾਣਾ ਸਿਵਲ ਲਾਈਨ ਵਿਚ ਕੇਸ ਦਰਜ ਕਰ ਲਿਆ ਹੈ। ਲਾਲ ਸਿੰਘ ਵਾਸੀ ਦੀਨਾ ਸਾਹਿਬ ਤਹਿਸੀਲ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਨੇ ਪੁਲਸ ਨੂੰ ਦਸਿਆ ਕਿ ਉਨ੍ਹਾਂ ਦੀ ਬੇਟੀ ਅੰਮ੍ਰਿਤਸਰ ਦੇ ਸਿਵਲ ਲਾਈਨ ਇਲਾਕੇ ਦੇ ਕਾਲਜ ਵਿਚ ਪੜ੍ਹਦੀ ਸੀ। ਇਸ ਕਾਲਜ ਦੇ ਹੋਸਟਲ ਵਿਚ ਹੀ ਰਹਿੰਦੀ ਸੀ। ਦੋ ਦਸੰਬਰ ਨੂੰ ਉਨ੍ਹਾਂ ਨੂੰ ਕਾਲਜ ਤੋਂ ਫੋਨ ਆਇਆ ਕਿ ਉਨ੍ਹਾਂ ਦੀ ਬੇਟੀ ਕਾਲਜ ਦੇ ਹੋਸਟਲ ਤੋਂ ਬਿਨਾਂ ਸੂਚਨਾ ਦਿਤੇ ਚਲੀ ਗਈ ਹੈ।

ਇਸ ਤੋਂ ਬਾਅਦ ਉਨ੍ਹਾਂ ਦੇ ਰਿਸ਼ਤੇਦਾਰ ਨਾਨਕ ਸਿੰਘ ਵਾਸੀ ਬਠਿੰਡਾ ਨੇ ਦਸਿਆ ਕਿ ਉਨ੍ਹਾਂ ਦੀ ਬੇਟੀ ਨੂੰ ਉਸ ਨੇ ਜਸਵਿੰਦਰ ਸਿੰਘ ਵਾਸੀ ਦੀਨਾ ਸਾਹਿਬ ਦੇ ਨਾਲ ਸ੍ਰੀ ਹਰਮਿੰਦਰ ਸਾਹਿਬ ਵਿਚ ਦੇਖਿਆ ਸੀ।

ਉਨ੍ਹਾਂ ਨੂੰ ਯਕੀਨ ਹੈ ਕਿ ਉਨ੍ਹਾਂ ਦੀ ਬੇਟੀ ਨੂੰ ਵਿਆਹ ਦਾ ਝਾਂਸਾ ਦੇਕੇ ਦੋਸ਼ੀ ਭਜਾ ਲੈ ਗਿਆ ਹੈ। ਮਾਮਲੇ ਵਿਚ ਦੋਸ਼ੀ ਦੇ ਨਾਲ ਉਸ ਦੇ ਪਿਤਾ ਹਰਦੇਵ ਸਿੰਘ, ਮਾਂ ਕੁਲਵੰਤ ਕੌਰ, ਭੈਣ ਕਿਰਨਜੀਤ ਕੌਰ, ਜਸਬੀਰ ਕੌਰ ਦੇ ਵੀ ਦਿੱਤਾ ਹੈ। ਥਾਣਾ ਸਿਵਲ ਲਾਈਨ ਨੇ ਜਾਂਚ ਬਾਅਦ ਕਥਿਤ ਦੋਸ਼ੀਆਂ ਖਿਲਾਫ਼ ਕੇਸ ਦਰਜ ਕਰ ਲਿਆ ਹੈ।

**9 ਦਸੰਬਰ 2012 ਪੰਜਾਬੀ ਜਾਗਰਣ**

# ਸਰੀਰਕ ਸੋਸ਼ਣ ਦੇ ਦੋਸ਼ 'ਚ 5 'ਤੇ ਮਾਮਲਾ ਦਰਜ

**ਪੱਤਰ ਪ੍ਰੇਰਕ, ਭੀਖੀ** : ਇਥੇ ਇਕ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਉਸ ਦਾ ਸਰੀਰਕ ਸੋਸ਼ਣ ਤੇ ਗਰਭਪਾਤ ਕਰਵਾਉਣ ਦੇ ਦੋਸ਼ ਹੇਠ ਭੀਖੀ ਪੁਲਸ ਨੇ ਏਐਸਆਈ ਦੇ ਲੜਕੇ ਸਮੇਤ 5 ਵਿਅਕਤੀਆਂ 'ਤੇ ਮਾਮਲਾ ਦਰਜ ਕੀਤਾ ਹੈ। ਏਐਸਆਈ ਬੁਢਲਾਡਾ ਵਿਖੇ ਤਾਇਨਾਤ ਹੈ ਤੇ ਉਹ ਅਕਾਲੀ ਵਿਧਾਇਕ ਚਤਿੰਨ ਸਿੰਘ ਧਲੇਵਾਂ ਦਾ ਸਕਾ ਭਤੀਜਾ ਦੱਸਿਆ ਜਾ ਰਿਹਾ ਹੈ।

ਪਿੰਡ ਧਲੇਵਾਂ ਦੀ ਮਜ਼ਦੂਰ ਪਰਿਵਾਰ ਦੀ ਇਕ ਲੜਕੀ ਕਿਰਨ ਕੌਰ ਨੇ ਮਾਨਸਾ ਪੁਲਸ ਨੂੰ ਸ਼ਿਕਾਇਤ 'ਚ ਦੱਸਿਆ ਕਿ ਏਐਸਆਈ ਜਸਪਾਲ ਸਿੰਘ ਦੇ ਲੜਕੇ ਰਾਜਿੰਦਰ ਸਿੰਘ ਨੇ ਉਸ ਨੂੰ ਵਿਆਹ ਦਾ ਝਾਂਸਾ ਦੇ ਕੇ ਸਰੀਰਕ ਸੋਸ਼ਣ ਕੀਤਾ ਤੇ ਫਿਰ ਉਸ ਦਾ ਪਿੰਡ ਗਾਗੋਵਾਲ 'ਚ ਗਰਭਪਾਤ ਕਰਵਾਇਆ। ਇਸ ਮਾਮਲੇ ਦੀ ਜਾਂਚ ਡੀਐਸਪੀ ਸੁਲੱਖਣ ਸਿੰਘ ਕਰ ਰਹੇ ਹਨ। ਪੁਲਸ ਅਨੁਸਾਰ ਏਐਸਆਈ ਜਸਪਾਲ ਸਿੰਘ ਦੇ ਲੜਕੇ ਰਾਜਿੰਦਰ ਸਿੰਘ ਨੇ ਆਪਣੇ ਦੋਸਤਾਂ ਗੁਰਸੇਵਕ ਸਿੰਘ ਉਰਫ ਰਿੰਕੀ ਵਾਸੀ ਮਾਨਸਾ, ਸਿਮਰਨਜੀਤ ਸਿੰਘ ਗਾਗੋਵਾਲ ਨਾਲ ਮਿਲ ਕੇ ਦਰਿਆਪੁਰ ਦੇ ਪ੍ਰੇਮ ਸਿੰਘ ਤੇ ਉਸ ਦੀ ਪਤਨੀ ਕਿਰਨਜੀਤ ਕੌਰ ਨਾਲ ਮਿਲ ਕੇ ਉਸ ਦਾ ਗਰਭਪਾਤ ਕਰਵਾਇਆ। ਪੁਲਸ ਮਾਨਸਾ ਦੇ ਡੀਐਸਪੀ ਸੁਲੱਖਣ ਸਿੰਘ ਦੀ ਜਾਂਚ ਪੜਤਾਲ ਤੋਂ ਬਾਅਦ ਭੀਖੀ ਪੁਲਸ ਨੇ ਰਾਜਿੰਦਰ ਸਿੰਘ ਪੁੱਤਰ ਜਸਪਾਲ ਸਿੰਘ ਵਾਸੀ ਸਮਾਉਂ, ਉਸ ਦੇ ਦੋਸਤਾਂ ਗੁਰਸੇਵਕ ਸਿੰਘ ਉਰਫ ਰਿੰਕੀ ਵਾਸੀ ਮਾਨਸਾ , ਸਿਮਰਨਜੀਤ ਸਿੰਘ ਗਾਗੋਵਾਲ ਸਮੇਤ ਗਰਭਪਾਤ ਕਰਨ ਵਾਲੇ ਪਤੀ-ਪਤਨੀ ਪ੍ਰੇਮ ਸਿੰਘ , ਕਿਰਨਜੀਤ ਕੌਰ ਵਾਸੀ ਦਰਿਆਪੁਰ ਖਿਲਾਫ ਮਾਮਲਾ ਦਰਜ ਕਰ ਲਿਆ ਹੈ, ਪਰ ਹਾਲੇ ਕਿਸੇ ਦੀ ਗ੍ਰਿਫਤਾਰੀ ਨਹੀਂ ਹੋਈ ਹੈ। ਇਸ ਮਾਮਲੇ ਵਿਚ ਵਿਧਾਇਕ ਚਤਿੰਨ ਸਿੰਘ ਧਲੇਵਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਮਾਮਲੇ ਬਾਰੇ ਕੁੱਝ ਵੀ ਪਤਾ ਨਹੀਂ ਹੈ।

**9 ਦਸੰਬਰ 2012 ਪੰਜਾਬੀ ਜਾਗਰਣ**

# ਆਈਆਈਐਮ ਦਾ ਪ੍ਰਸ਼ਾਸਕੀ ਅਫਸਰ ਸੈਕਸ ਸ਼ੋਸ਼ਣ ਦੇ ਦੋਸ਼ 'ਚ ਮੁਅੱਤਲ

**ਬੰਗਲੌਰ (ਏਜੰਸੀ)** : ਭਾਰਤੀ ਮੈਨੇਜਮੈਂਟ ਸੰਸਥਾਨ ਬੰਗਲੌਰ (ਆਈਆਈਐਮ-ਬੀ) ਦੇ ਮੁੱਖ ਪ੍ਰਸ਼ਾਸਕੀ ਅਧਿਕਾਰੀ (ਸੀਈਓ) ਸੀਵੀ ਇੰਦੂਸ਼ੇਖਰ ਵਸ਼ਿਸਠ ਨੂੰ ਸੈਕਸ ਸ਼ੋਸ਼ਣ ਦੇ ਦੋਸ਼ ਵਿਚ ਮੁਅੱਤਲ ਕਰ ਦਿੱਤਾ ਗਿਆ ਹੈ। ਇਹ ਮਾਮਲਾ ਸੰਸਥਾਨ ਦੇ ਡਾਇਰੈਕਟਰ ਪੰਕਜ ਚੰਦਰਾ ਵਲੋਂ ਸਟਾਫ ਨੂੰ ਭੇਜੇ ਇਕ ਈ-ਮੇਲ ਰਾਹੀ ਸਾਹਮਣੇ ਆਇਆ ਹੈ। ਈ-ਮੇਲ ਅਨੁਸਾਰ ਸੰਸਥਾਨ ਦੀ ਇਕ ਕਮੇਟੀ ਨੇ ਵਸ਼ਿਸ਼ਠ ਵਿਰੁੱਧ ਮਿਲੀ ਸ਼ਿਕਾਇਤ ਦੀ ਜਾਂਚ ਤੋਂ ਬਾਅਦ ਰਿਪੋਰਟ ਸੌਂਪ ਦਿੱਤੀ ਹੈ।

> ਪਿਛਲੇ ਕਈ ਸਾਲ ਤੋਂ ਸੰਸਥਾਨ ਦੀ ਮੈਡੀਕਲ ਅਫਸਰ ਨੂੰ ਕਰ ਰਿਹਾ ਸੀ ਪਰੇਸ਼ਾਨ

ਚੰਦਰਾ ਦੀ ਈ-ਮੇਲ ਅਨੁਸਾਰ ਵਸ਼ਿਸ਼ਠ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਅਜੇ ਨੋਟਿਸ ਦਾ ਜਵਾਬ ਨਹੀ ਮਿਲਿਆ। ਇਸ ਲਈ ਉਹ 29 ਨਵੰਬਰ 2012 ਤੋਂ ਮੁਅੱਤਲ ਰਹਿਣਗੇ। ਦੋਸ਼ ਹੈ ਕਿ ਵਸ਼ਿਸ਼ਠ ਸੰਸਥਾਨ ਦੀ ਮੈਡੀਕਲ ਅਫਸਰ ਨੂੰ ਸਾਲ 2009 ਤੋਂ ਅਸ਼ਲੀਲ ਇਸ਼ਾਰੇ ਕਰਦਾ ਆ ਰਿਹਾ ਹੈ। ਸ਼ੁਰੂ ਵਿਚ ਮੈਡੀਕਲ ਅਫਸਰ ਨੇ ਉਸ ਦੀਆਂ ਹਰਕਤਾਂ ਨੂੰ ਨਜ਼ਰਅੰਦਾਜ਼ ਕੀਤਾ ਪਰ ਫਿਰ ਵੀ ਇਹ ਹਰਕਤਾਂ ਜਾਰੀ ਰਹਿਣ 'ਤੇ ਨਵੰਬਰ 2010 ਵਿਚ ਮੈਡੀਕਲ ਅਫਸਰ ਨੇ ਕਮੇਟੀ ਦੇ ਮੁਖੀ ਨੂੰ ਇਸ ਦੀ ਸ਼ਿਕਾਇਤ ਕੀਤੀ। ਸੂਤਰਾਂ ਅਨੁਸਾਰ ਇਸ ਦੇ ਕਰੀਬ ਇਕ ਮਹੀਨੇ ਬਾਅਦ ਮੈਡੀਕਲ ਅਫਸਰ ਨੇ ਸੰਸਥਾਨ ਦੇ ਡਾਇਰੈਕਟਰ ਅਤੇ ਡੀਨ ਨੂੰ ਵੀ ਇਸ ਦੀ ਸ਼ਿਕਾਇਤ ਕੀਤੀ। ਜਨਵਰੀ 2012 ਵਿਚ ਸੰਸਥਾਨ ਨੇ ਸਹੀ ਢੰਗ ਨਾਲ ਕੰਮ ਨਾ ਕਰਨ ਦਾ ਦੋਸ਼ ਲਗਾਉਂਦੇ ਹੋਏ ਮੈਡੀਕਲ ਅਫਸਰ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਜਦਕਿ ਉਸ ਵੇਲੇ ਕਮੇਟੀ ਇਸ ਮਾਮਲੇ ਦੀ ਜਾਂਚ ਕਰ ਚੁੱਕੀ ਸੀ। ਇਸ ਤੋਂ ਬਾਅਦ 29 ਨਵੰਬਰ 2012 ਨੂੰ ਮਹਿਲਾ ਅਧਿਕਾਰ ਸੰਗਠਨ 'ਵਿਮੋਚਨ' ਨੇ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਆਈਆਈਐਮ ਬੰਗਲੌਰ ਦੇ ਡਾਇਰੈਕਟਰ ਨੂੰ ਇਸ ਮਾਮਲੇ ਵਿਚ ਜਲਦੀ ਫੈਸਲਾ ਲੈਣ ਲਈ ਕਿਹਾ। ਮੈਡੀਕਲ ਅਫਸਰ ਅਨੁਸਾਰ ਪ੍ਰਸ਼ਾਸਕੀ ਅਧਿਕਾਰੀ ਨੂੰ ਮੁਅੱਤਲ ਕਰਨ ਦਾ ਫ਼ੈਸਲਾ ਕਮੇਟੀ ਦੀਆਂ ਸਿਫਾਰਸ਼ਾਂ ਦੇ ਦਬਾਅ ਵਿਚ ਲਿਆ ਗਿਆ ਹੈ।

**9 ਦਸੰਬਰ 2012 ਪੰਜਾਬੀ ਜਾਗਰਣ**

**न्यूज़ इनबॉक्स**

# मुंबई में बुजुर्ग महिला से रेप, लूटपाट

**मुंबई।** मुंबई में बुजुर्ग महिला से रेप का मामला सामने आया है। 'कोरियर ब्वॉय' बनकर घर में घुसे व्यक्ति ने लूटपाट भी की। पवई की रहने वाली पीड़ित महिला ने अपनी शिकायत में कहा कि एक व्यक्ति कोरियर वाला बनकर उसके घर में आया और उसके साथ बलात्कार किया। घटना 7 दिसंबर की है। महिला की शिकायत के आधार पर पुलिस ने रेप और लूटपाट का मामला दर्ज कर लिया है। पुलिस आरोपी का स्केच तैयार करवा रही है। घटना की पुष्टि करते हुए डीसीपी ने कहा कि जांच जारी है। जांच में जुटी पुलिस ने 41 साल के एक शख्स को हिरासत में लिया है।

**10 ਦਸੰਬਰ 2012 ਦੈਨਿਕ ਭਾਸਕਰ**

ਮਾਮਲਾ ਦਰਜ ਕਰ ਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

# ਸਿਰਫਿਰੇ ਨੌਜਵਾਨਾਂ ਨੇ ਸਕੂਲੀ ਵਿਦਿਆਰਥਣ 'ਤੇ ਸੁੱਟਿਆ ਤੇਜ਼ਾਬ

**ਪੰਜਾਬੀ ਜਾਗਰਣ ਟੀਮ, ਰਾਏਕੋਟ/ ਲੋਹਟਬੱਦੀ** : ਸ਼ਹਿਰ ਵਿਚ ਉਸ ਸਮੇਂ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਜਦੋਂ ਮੋਟਰਸਾਈਕਲ ਸਵਾਰ 2 ਨੌਜਵਾਨਾਂ ਨੇ ਟਿਊਸ਼ਨ ਪੜ੍ਹ ਕੇ ਸਕੂਲ ਜਾ ਰਹੀ ਇਕ ਲੜਕੀ 'ਤੇ ਤੇਜ਼ਾਬ ਪਾ ਦਿੱਤਾ।

8-15 ਵਜੇ ਪਿੰਡ ਜਲਵਾਣਾ ਦੀ ਲੜਕੀ ਸੁਨੀਤਾ 17 (ਕਾਲਪਨਿਕ ਨਾਂ) ਵਾਸੀ ਜਲਵਾਣਾ ਜੋ ਪ੍ਰਾਈਵੇਟ ਸਕੂਲ 'ਚ 12ਵੀਂ ਕਲਾਸ ਵਿਚ ਪੜ੍ਹਦੀ ਸੀ। ਜਦ ਉਹ ਟਿਊਸ਼ਨ ਪੜ੍ਹ ਕੇ ਸਕੂਲ ਜਾ ਰਹੀ ਸੀ ਤਾਂ ਰਸਤੇ ਵਿਚ ਦੋ ਨੌਜਵਾਨਾਂ ਨੇ ਉਸ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕੀਤੀ। ਕੋਸ਼ਿਸ਼ ਵਿਚ ਨਕਾਮ ਰਹਿਣ 'ਤੇ ਲੜਕੀ ਦੇ ਚਿਹਰੇ ਤੇ ਤੇਜ਼ਾਬ ਸੁੱਟ ਗਏ। ਲੜਕੀ ਵਲੋਂ ਰੌਲਾ ਪਾਉਣ 'ਤੇ ਟਿਊਸ਼ਨ ਵਾਲੇ ਟੀਚਰ ਅਤੇ ਲੋਕਾਂ ਨੇ ਲੜਕੀ ਨੂੰ ਰਾਏਕੋਟ ਦੇ ਇਕ ਨਿੱਜੀ ਹਸਪਤਾਲ ਵਿਖੇ ਦਾਖਲ ਕਰਵਾਇਆ।

ਲੜਕੀ ਦੇ ਪਿਤਾ ਰੇਸ਼ਮ ਸਿੰਘ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਡੀਐਸਪੀ ਅਮਰੀਕ ਸਿੰਘ ਮਿਨਹਾਸ ਤੇ ਐਸਐਚਓ ਦਵਿੰਦਰ ਸਿੰਘ ਚਕੋਹੀ ਘਟਨਾ ਸਥਾਨ 'ਤੇ ਪੁੱਜੇ। ਉਨ੍ਹਾਂ ਘਟਨਾ ਦਾ ਜਾਇਜ਼ਾ ਲਿਆ ਤੇ ਅਣਪਛਾਤੇ ਦੋਸ਼ੀਆਂ ਖ਼ਿਲਾਫ਼ ਮੁਕੱਦਮਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ। ਉਪਰੰਤ ਹਲਕਾ ਰਾਏਕੋਟ ਦੇ ਵਿਧਾਇਕ ਗੁਰਚਰਨ ਸਿੰਘ ਬੋਪਾਰਾਏ ਅਤੇ ਸੀਪੀਆਈ ਦੇ ਤਹਿਸੀਲ ਸਕੱਤਰ ਸੰਤੋਖ ਸਿੰਘ ਗਿੱਲ ਪੀੜਤ ਲੜਕੀ ਦਾ ਹਾਲ-ਚਾਲ ਪੁੱਛਣ ਲਈ ਹਸਪਤਾਲ ਪੁੱਜੇ। ਉਨ੍ਹਾਂ ਲੜਕੀ ਦੇ ਮਾਪਿਆਂ ਨੂੰ ਯਕੀਨ ਦੁਆਇਆ ਕਿ ਜਿੰਨਾ ਚਿਰ ਦੋਸ਼ੀ ਜੇਲ੍ਹ ਅੰਦਰ ਨਹੀ ਪੁੱਜ ਜਾਂਦੇ, ਤਾਂ ਓਨਾ ਚਿਰ ਉਹ ਪਰਿਵਾਰ ਨਾਲ ਖੜਨਗੇ। ਉਨ੍ਹਾਂ ਪੁਲਸ ਪ੍ਰਸ਼ਾਸਨ ਨੂੰ ਸਖਤ ਸ਼ਬਦਾਂ 'ਚ ਤਾੜਨਾ ਕੀਤੀ।



**ਜ਼ੇਰੇ ਇਲਾਜ ਵਿਦਿਆਰਥਣ।**

**12 ਦਸੰਬਰ 2012 ਪੰਜਾਬੀ ਜਾਗਰਣ**



ਤੇਜ਼ਧਾਰ ਹਥਿਆਰਬੰਦ ਨੌਜਵਾਨਾਂ ਤੋਂ ਬਚਣ ਲਈ ਸਕੂਲੀ ਵਿਦਿਆਰਥਣਾਂ ਦੀ ਬੱਸ ਪਿੰਡ ਰੋਹਟੀ ਮੌੜਾਂ ਵਿਖੇ ਖੜ੍ਹੀ ਨਜ਼ਰ ਆ ਰਹੀ ਹੈ।

# ਹਥਿਆਰਬੰਦਾਂ ਨੇ ਵਿਦਿਆਰਥਣਾਂ ਦੀ ਬੱਸ ਘੇਰਨ ਦੀ ਕੀਤੀ ਕੋਸ਼ਿਸ਼

ਸੰਜੀਵ ਕੁਮਾਰ, ਨਾਭਾ

**ਪੰਜਾਬ ਵਿਚ** ਪਿਛਲੇ ਕੁਝ ਦਿਨਾਂ ਵਿਚ ਗੁੰਡਾਗਰਦੀ ਦੀਆਂ ਘਟਨਾਵਾਂ ਵਿਚ ਅਚਾਨਕ ਵਾਧਾ ਹੋਇਆ ਹੈ, ਜਿਸ ਨਾਲ ਪੰਜਾਬ ਸਰਕਾਰ ਅਤੇ ਪੰਜਾਬ ਪੁਲਸ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲੱਗ ਗਏ ਹਨ। ਇਸ ਕੜੀ ਦੀ ਇਕ ਘਟਨਾ ਨਾਭਾ ਦੇ ਪਿੰਡ ਰੋਹਟੀ ਮੌੜਾਂ ਵਿਖੇ ਵਾਪਰੀ, ਜਿਥੇ ਤੇਜ਼ਧਾਰ ਹਥਿਆਰਾਂ ਨਾਲ ਲੈਸ 25-30 ਨੌਜਵਾਨਾਂ ਨੇ ਵਿਦਿਆਰਥਣਾਂ ਨਾਲ ਭਰੀ ਸਕੂਲੀ ਬੱਸ ਘੇਰਨ ਦੀ ਕੋਸ਼ਿਸ਼ ਕੀਤੀ ਪਰ ਬੱਸ ਡਰਾਈਵਰ ਦੀ ਫੁਰਤੀ ਨੇ ਕੋਈ ਵੱਡੀ ਘਟਨਾ ਹੋਣ ਤੋਂ ਰੋਕ ਦਿੱਤੀ।

ਜਾਣਕਾਰੀ ਮੁਤਾਬਕ ਵੀਰਵਾਰ ਦੁਪਹਿਰ 2 ਵਜੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਨਾਭਾ ਦੀਆਂ ਵਿਦਿਆਰਥਣਾਂ ਰੋਜ਼ਾਨਾ ਵਾਂਗ ਮਿਨੀ ਬੱਸ ਰਾਹੀ ਆਪਣੇ ਘਰਾਂ ਲਈ ਰਵਾਨਾ ਹੋਈਆਂ ਪਰ ਜਿਵੇਂ ਹੀ ਇਹ ਬੱਸ ਨਾਭਾ ਤੋਂ ਚਾਰ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਪਿੰਡ ਰੋਹਟੀ ਮੌੜਾਂ ਕੋਲ ਪਹੁੰਚੀ ਤਾਂ ਮੂਏ ਕੋਲ 25-30 ਤੇਜ਼ਧਾਰ ਹਥਿਆਰਾਂ ਨਾਲ ਲੈਸ ਨੌਜਵਾਨਾਂ ਨੇ ਬੱਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਬੱਸ ਦੇ ਡਰਾਈਵਰ ਨੇ ਚਲਾਕੀ ਦਿਖਾਉਂਦਿਆਂ ਬੱਸ ਨੂੰ ਪਿੰਡ ਵਲ ਭਜਾ ਲਿਆ ਅਤੇ ਬੱਸ ਨੂੰ ਕਿਸੇ ਘਰ ਵਿਚ ਵਾੜ ਦਿੱਤਾ। ਵਿਦਿਆਰਥਣਾਂ ਦਾ ਰੌਲਾ ਸੁਣ ਕੇ ਪਿੰਡ ਵਾਸੀ ਇਕੱਠੇ ਹੋ ਗਏ ਅਤੇ ਪਿੱਛਾ ਕਰ ਰਹੇ ਨੌਜਵਾਨ ਭੱਜ ਗਏ। ਘਟਨਾ ਦੀ ਜਾਣਕਾਰੀ ਮਿਲਣ 'ਤੇ ਬਖਸ਼ੀਵਾਲਾ ਥਾਣੇ ਦੀ ਪੁਲਸ ਮੌਕੇ 'ਤੇ ਪਹੁੰਚੀ, ਜਿਨ੍ਹਾਂ ਦੇ ਘੇਰੇ ਵਿਚ ਲੜਕੀਆਂ ਨੂੰ ਉਨ੍ਹਾਂ ਦੇ ਘਰਾਂ ਪਹੁੰਚਾਇਆ ਗਿਆ।

ਪੰਜਾਬੀ ਜਾਗਰਣ 14 ਦਸੰਬਰ 2012

# ਥਾਣੇਦਾਰ ਨੇ ਵੀ ਲੁੱਟੀ ਬਲਾਤਕਾਰ ਪੀੜਤ ਦੀ ਇੱਜ਼ਤ

**ਰਾਖਾ ਬਣਿਆ ਇੱਜ਼ਤ ਦਾ ਲੁਟੇਰਾ**

- **ਦੋਸ਼ੀ ਥਾਣੇਦਾਰ ਵਿਰੁੱਧ ਕੇਸ ਦਰਜ, ਨੌਕਰੀ ਤੋਂ ਮੁਅੱਤਲ**

**ਸਟਾਫ ਰਿਪੋਰਟਰ, ਫੈਜ਼ਾਬਾਦ :** ਉੱਤਰ ਪ੍ਰਦੇਸ਼ 'ਚ ਵਰਦੀ ਨੂੰ ਦਾਗਦਾਰ ਕਰਨ ਵਾਲੀ ਇਕ ਹੋਰ ਘਟਨਾ ਬੁੱਧਵਾਰ ਰਾਤ ਫੈਜ਼ਾਬਾਦ ਦੇ ਕੋਤਵਾਲੀ ਨਗਰ ਖੇਤਰ ਸਥਿਤ ਇਕ ਹੋਟਲ 'ਚ ਹੋਈ। ਡੀਆਈਜੀ ਕੋਲ ਬਿਆਨ ਦਿਵਾਉਣ ਦੇ ਬਹਾਨੇ ਕੁੜੀ ਨੂੰ ਲੈ ਕੇ ਆਏ ਅੰਬੇਡਕਰ ਨਗਰ ਜ਼ਿਲ੍ਹੇ 'ਚ ਤਾਇਨਾਤ ਸੀਨੀਅਰ ਸਬ ਇੰਸਪੈਕਟਰ ਮਾਨ ਸਿੰਘ ਨੇ ਉਸ ਨਾਲ ਬਲਾਤਕਾਰ ਕੀਤਾ। ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚੀ ਪੁਲਸ ਨੇ ਦੋਸ਼ੀ ਥਾਣੇਦਾਰ ਨੂੰ ਗ੍ਰਿਫਤਾਰ ਕਰ ਲਿਆ। ਕੁੜੀ ਦੀ ਸ਼ਿਕਾਇਤ 'ਚ ਮਹਿਲਾ ਥਾਣੇ 'ਚ ਦਰੋਗਾ ਖਿਲਾਫ ਬਲਾਤਕਾਰ ਦਾ ਮੁਕੱਦਮਾ ਦਰਜ ਕਰਕੇ ਉਸਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ ਤੇ ਮੁਅੱਤਲ ਕਰ ਦਿੱਤਾ ਗਿਆ ਹੈ। ਜਾਂਚ ਸੀਓ (ਸਿਟੀ) ਅਨੂਪ ਕੁਮਾਰ ਨੂੰ ਸੌਂਪੀ ਗਈ ਹੈ।

ਪੁਲਸ ਮੁਤਾਬਕ ਅੰਬੇਦਕਰ ਨਗਰ ਜ਼ਿਲ੍ਹੇ ਦੇ ਕੋਤਵਾਲੀ ਅਕਬਰਪੁਰ ਖੇਤਰ ਦੀ ਪਹਿਤੀਪੁਰ ਨਿਵਾਸੀ 16 ਸਾਲਾ ਕੁੜੀ ਨੇ ਚਾਰ ਮਹੀਨੇ ਪਹਿਲਾਂ ਅਕਬਰਪੁਰ ਕੋਤਵਾਲੀ 'ਚ ਬਲਾਤਕਾਰ ਦਾ ਮੁਕੱਦਮਾ ਦਰਜ ਕਰਾਇਆ ਸੀ, ਜਿਸਦੀ ਜਾਂਚ ਮਾਨ ਸਿੰਘ ਨੂੰ ਸੌਂਪੀ ਗਈ। ਬੁੱਧਵਾਰ ਸਵੇਰੇ ਮਾਨ ਸਿੰਘ ਕੁੜੀ ਨੂੰ ਡੀਆਈਜੀ ਸਾਹਮਣੇ ਬਿਆਨ ਦਿਵਾਉਣ ਦੇ ਬਹਾਨੇ ਫੈਜ਼ਾਬਾਦ ਲੈ ਕੇ ਆਇਆ ਅਤੇ ਸ਼ਹਿਰ ਦੇ ਸੁਭਾਸ਼ ਨਗਰ ਇਲਾਕੇ 'ਚ ਸਥਿਤ ਇਕ ਹੋਟਲ 'ਚ ਕੁੜੀ ਨੂੰ ਆਪਣਾ ਰਿਸ਼ਤੇਦਾਰ ਦੱਸ ਕੇ ਕਮਰਾ ਲਿਆ। ਸਾਰਾ ਦਿਨ ਕੁੜੀ ਉਸੇ ਹੋਟਲ 'ਚ ਰਹੀ ਅਤੇ ਦੇਰ ਸ਼ਾਮ ਡੀਆਈਜੀ ਦੇ ਨਾ ਮਿਲਣ ਦੀ ਗੱਲ ਕਹਿ ਕੇ ਮਾਨ ਸਿੰਘ ਨੇ ਕੁੜੀ ਨੂੰ ਕਮਰੇ 'ਚ ਰੁਕਣ ਲਈ ਕਿਹਾ ਅਤੇ ਖੁਦ ਡੀਐਸਪੀ ਨੂੰ ਮਿਲਣ ਦੀ ਗੱਲ ਕਹਿ ਕੇ ਚਲਾ ਗਿਆ। ਕੁੜੀ ਦਾ ਕਹਿਣਾ ਹੈ ਕਿ ਥੋੜ੍ਹੀ ਦੇਰ ਬਾਅਦ ਮਾਨ ਸਿੰਘ ਪਰਤ ਆਇਆ ਅਤੇ ਜ਼ਬਰਦਸਤੀ ਕਰਨ ਲੱਗਾ। ਡਰ ਨਾਲ ਸਹਿਮੀ ਕੁੜੀ ਮਾਨ ਸਿੰਘ ਦਾ ਵਿਰੋਧ ਨਾ ਕਰ ਸਕੀ। ਥੋੜ੍ਹੀ ਦੇਰ ਬਾਅਦ ਜਦੋਂ ਮਾਨ ਸਿੰਘ ਸੌਂ ਗਿਆ ਤਾਂ ਕੁੜੀ ਨੇ ਆਪਣੇ ਮੋਬਾਇਲ ਤੋਂ ਅਕਬਰਪੁਰ ਦੇ ਸਮਾਜਕ ਵਰਕਰ ਸੂਰੀਆ ਮਣੀ ਯਾਦਵ ਨੂੰ ਐਸਐਮਐਸ ਜ਼ਰੀਏ ਘਟਨਾ ਦੀ ਜਾਣਕਾਰੀ ਦਿੱਤੀ। ਦੂਜੇ ਪਾਸੇ ਘਰ ਪਹੁੰਚਣ 'ਚ ਦੇਰੀ ਹੋਣ ਕਾਰਨ ਕੁੜੀ ਦੀ ਮਾਸੀ ਦਾ ਪੁੱਤਰ ਅਬਰਾਰ ਹੋਰਨਾਂ ਲੋਕਾਂ ਨਾਲ ਉਸਦੀ ਭਾਲ 'ਚ ਫੈਜ਼ਾਬਾਦ ਪਹੁੰਚਿਆ ਅਤੇ ਪੁਲਸ ਨਾਲ ਸੰਪਰਕ ਕੀਤਾ। ਸੂਰੀਆ ਮਣੀ ਵਲੋਂ ਦੱਸੇ ਜਾਣ ਤੋਂ ਬਾਅਦ ਪੁਲਸ ਨੇ ਦੇਰ ਰਾਤ ਹੋਟਲ 'ਤੇ ਛਾਪਾ ਮਾਰ ਕੇ ਕੁੜੀ ਨੂੰ ਬਰਾਮਦ ਕਰ ਲਿਆ ਅਤੇ ਦੋਸ਼ੀ ਥਾਣੇਦਾਰ ਨੂੰ ਫੜ ਲਿਆ। ਕੁੜੀ ਦਾ ਕਹਿਣਾ ਹੈ ਕਿ ਉਸਦੇ ਪਿਤਾ ਨੇ ਉਸਨੂੰ ਘਰ ਤੋਂ ਕੱਢ ਦਿੱਤਾ ਅਤੇ ਉਹ ਆਪਣੀ ਦਾਦੀ ਨਾਲ ਰਹਿੰਦੀ ਹੈ।

15 ਦਸੰਬਰ 2012 ਪੰਜਾਬੀ ਜਾਗਰਣ

VULNERABLE CHILDHOOD

# 4-yr-old sexually abused, has 17 bite marks on body

no country for children

HT Correspondent
letters@hindustantimes.com

**BANGALORE:** A four-year-old, who was allegedly sexually abused by her father's friend, spent her fourth day in a Bangalore hospital on Thursday, as doctors monitored the healing of 17 bite marks on her body.

Police have arrested the accused, small-time property broker K Doraiswamy, 35.

Doraiswamy had sent the girl's father to Tamil Nadu on an errand and abused the girl left in his care, police said. "My wife and I treated Doraiswamy like our brother, but he turned out to be a cruel beast," said girl's father, who is struggling to establish himself after a failed bakery business venture. According to the police, Doraiswamy admitted the girl in the hospital on Monday, claiming she had been injured while playing. He claimed to be her uncle, but did not return to the hospital thereafter. Doctors spotted the bite marks and suspected the child had been sexually abused. The hospital alerted the state Child Welfare Committee.

"After Doraiswamy was picked up on Wednesday, the hospital staff confirmed he was the man who had admitted the girl," Bangalore police commissioner BG Jyothiprakash Mirji said on Friday. A doctor attending on the girl said, "She is responding well to treatment and will be discharged soon."

## Kashmir doc held for killing newborns

**SRINAGAR:** This doctor 'specialised' in murder.

In north Kashmir's Baramulla district, Dr Shan-l-Alam and two of his co-workers would deliver a baby and then kill it by hitting on the head before throwing the little body in a nearby stream. On Friday, Alam, Naseema, a part-time sweeper in the Kupwara sub-district hospital and Nazir Ahmad, a cobbler, were arrested and charged with murder, causing miscarriages and causing death by negligence.

The police said the doctor faces similar charges in two other cases. Senior SP, Kupwara, Irshad Ahmad said in October and November, two babies were found dead near a stream in Kupwara. "Investigations led us to a woman who admitted to having delivered the baby in the district hospital. She also identified the doctor and his helpers."

The woman, 20, and the man, 30, have also been arrested. HTC

## GIRL KILLS SELF, BLAMES TEACHER

**RAIPUR:** A 12-year-old Chhattisgarh girl's suicide, after pinning the blame on her allegedly cruel schoolteacher, has triggered raging protests in the state over perceived police inaction.

Kaveri (name changed), a Class 8 student of private Hindi-medium Vasuki high school, hanged herself at her home in Jamul in steel city Bhilai, about 50km west of Raipur, on Tuesday. Police have recovered a suicide note believed to have been written by Kaveri, but have not managed to question the woman teacher she has accused of frequently tormenting her.

A local police official who did not want to be named said the teacher was absconding. The school said the accused teacher had been suspended. HTC

## 100 STUDENTS FALL ILL AFTER MEAL

**PATNA/GAYA:** Over 100 children fell ill after they ate food served under the mid-day meal scheme at a school in Jehanabad district of Bihar. This is fourth such incident in the district within a year.

The incident took place on Thursday in a middle school at Tilkai village in Makhdumpur block of Jehanabad, 50km south-east of the state capital. Soon after consuming the meal, children started complaining of stomach cramps. All of them were then rushed to a hospital at Makhdumpur. Jehanabad DM Balamurugan D said the school had claimed that drops of phenyl, used for cleaning floors, got mixed in rice, causing the children to vomit.

The DM said he had ordered a probe in the incident. HTC

15 ਦਸੰਬਰ 2012 ਹਿੰਦੁਸਤਾਨ ਟਾਈਮਜ਼

# 16-YEAR-OLD HELD FOR 'RAPING' MINOR

**KARNAL:** Police arrested a 16-year-old boy on Tuesday for allegedly raping a minor Dalit girl. Two minor friends of the main suspect were also arrested for allegedly conspiring with him but not raping the victim at Byana village, near here.

Fourth juvenile, accused of hatching the conspiracy, is still absconding. Police spokesman said the 17-year-old victim had gone to a bookshop on December 14 when four suspects, known to her, kidnapped her and sexually assaulted her at a shop in the nearby market.

Acting on a complaint filed on December 15, the police arrested three of the four suspects under the Prevention of Children for Sexual Offense Act, rape, SC/ST Act and other charges. The trio was sent to judicial custody by a local court on Tuesday. **HTC**

**15 ਦਸੰਬਰ 2012 ਹਿੰਦੁਸਤਾਨ ਟਾਈਮਜ਼**

# ਮਤਰੇਆ ਪਿਓ ਸੱਤ ਸਾਥੀਆਂ ਨਾਲ ਇਕ ਸਾਲ ਤੱਕ ਲੁੱਟਦਾ ਰਿਹਾ ਧੀ ਦੀ ਇੱਜ਼ਤ

**ਕੋਚੀ (ਏਜੰਸੀ)** : ਕੇਰਲ ਵਿਚ ਇਕ ਹੋਰ ਲੜਕੀ ਦੇ ਸੈਕਸ ਸ਼ੋਸ਼ਮ ਦੀ ਦਿਲ ਕੰਬਾਊ ਘਟਨਾ ਸਾਹਮਣੇ ਆਈ ਹੈ। 17 ਸਾਲ ਦੀ ਇਕ ਲੜਕੀ ਨਾਲ ਉਸ ਦੇ ਮਤਰੇਏ ਪਿਤਾ ਤੇ ਸੱਤ ਹੋਰ ਲੋਕਾਂ ਨੇ ਕਰੀਬ ਇਕ ਸਾਲ ਤੱਕ ਬਲਾਤਕਾਰ ਕੀਤਾ। ਪੁਲਸ ਨੇ ਦੱਸਿਆ ਕਿ ਲੜਕੀ ਦੇ ਮਤਰੇਏ ਪਿਤਾ ਸਮੇਤ ਸਾਰੇ ਮੁਲਜ਼ਮਾਂ ਵਿਰੁੱਧ ਪਰਾਪਵੂਰ ਪੁਲਸ ਸਟੇਸ਼ਨ ਵਿਚ ਮਾਮਲਾ ਦਰਜ ਕਰ ਲਿਆ ਗਿਆ ਹੈ। ਇਸ ਵਿਚ ਇਕ ਮੁਲਜ਼ਮ ਨੂੰ ਹਿਰਾਸਤ ਵਿਚ ਲੈ ਗਿਆ ਗਿਆ ਹੈ। ਦਰਅਸਲ ਲੜਕੀ ਨੂੰ ਰਾਤ ਵੇਲੇ ਸੜਕ 'ਤੇ ਚੱਲਦੀ ਵੇਖ ਕੇ ਆਟੋ ਰਿਕਸ਼ਾ ਚਾਲਕ ਉਸ ਨੂੰ ਪੁਲਸ ਸਟੇਸ਼ਨ ਲੈ ਗਿਆ। ਜਦੋਂ ਮਹਿਲਾ ਪੁਲਸ ਅਧਿਕਾਰੀਆਂ ਨੇ ਉਸ ਤੋਂ ਪੁੱਛਗਿੱਛ ਕੀਤੀ ਤਾਂ ਉਸ ਨੇ ਆਪਣੀ ਦੁੱਖ ਭਰੀ ਕਹਾਣੀ ਬਿਆਨ ਕੀਤੀ।

ਪੁਲਸ ਨੇ ਲੜਕੀ ਦੀ ਮਾਂ ਦੀ ਸ਼ਿਕਾਇਤ ਦੇ ਆਧਾਰ 'ਤੇ ਉਸ ਦੇ ਫਰਾਰ ਹੋ ਚੁੱਕੇ ਮਤਰੇਏ ਪਿਤਾ ਵਿਰੁੱਧ ਕੇਸ ਦਰਜ ਕੀਤਾ ਹੈ। ਹਾਲ ਹੀ ਵਿਚ ਇਰਨਾਕੁਲਮ ਜ਼ਿਲ੍ਹੇ ਵਿਚ ਇਸੇ ਤਰ੍ਹਾਂ ਦਾ ਮਾਮਲਾ ਸਾਹਮਣੇ ਆਇਆ ਸੀ। ਕੁਰੁਮਪੈਡੀ ਦੀ ਛੇ ਸਾਲਾ ਲੜਕੀ ਦਾ ਉਸ ਦੇ 40 ਸਾਲਾ ਪਿਤਾ ਨੇ ਛੇ ਮਹੀਨੇ ਤੱਕ ਸੈਕਸ ਸ਼ੋਸ਼ਣ ਕੀਤਾ ਸੀ।

**▸ ਇਕ ਮੁਲਜ਼ਮ ਕਾਬੂ, ਬਾਕੀ ਅਜੇ ਤੱਕ ਫਰਾਰ**

ਕੋਟਾਯਮ ਤੇ ਕਨੂਰ ਵਿਚ ਵੀ ਪਿਤਾਵਾਂ ਵੱਲੋਂ ਆਪਣੀਆਂ ਧੀਆਂ ਨਾਲ ਬਲਾਤਕਾਰ ਦੀ ਗੱਲ ਸਾਹਮਣੇ ਆਈ ਸੀ। ਕੋਟਾਯਮ ਵਿਚ ਪੁਲਸ ਨੇ ਆਪਣੀਆਂ ਦੋ ਨਾਬਾਲਗ ਧੀਆਂ ਨਾਲ ਬਲਾਤਕਾਰ ਕਰਨ ਵਾਲੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਸੀ। ਕਨੂਰ ਜ਼ਿਲ੍ਹੇ ਵਿਚ 13 ਸਾਲ ਲੜਕੀ ਦਾ ਉਸ ਦੇ ਮਤਰੇਏ ਪਿਤਾ, 15 ਸਾਲਾ ਭਰਾ ਤੇ ਚਾਚਿਆਂ ਵੱਲੋਂ ਦੋ ਸਾਲ ਤੱਕ ਬਲਾਤਕਾਰ ਕਰਨ ਦੀ ਘਟਨਾ ਸਾਹਮਣੇ ਆਈ ਸੀ।

16 ਦਸੰਬਰ 2012 ਪੰਜਾਬੀ ਜਾਗਰਣ

## ਚਾਰ ਸਾਲਾ ਬੱਚੀ ਨਾਲ ਬਲਾਤਕਾਰ

ਹੁਸ਼ਿਆਰਪੁਰ, 15 ਦਸੰਬਰ (ਪ.ਪ.) : ਜ਼ਿਲ੍ਹੇ ਵਿਚ ਚਾਰ ਸਾਲ ਦੀ ਇਕ ਮਾਸੂਮ ਬੱਚੀ ਨਾਲ ਬਲਾਤਕਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੇ ਇਸ ਮਾਮਲੇ ਵਿਚ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਅਨੁਸਾਰ ਪਿੰਡ ਥਿੰਡਾ ਦੀ ਇਸ ਮਾਸੂਮ ਬੱਚੀ ਨਾਲ ਹਰਪ੍ਰੀਤ ਸਿੰਘ ਉਰਫ਼ ਮੰਗਤ ਰਾਮ ਨੇ ਗੁਆਂਢੀ ਪਿੰਡ ਬਹਿਬਲਪੁਰ ਵਿਚ ਇਸ ਲੜਕੀ ਨਾਲ ਬਲਾਤਕਾਰ ਦੀ ਘਟਨਾ ਨੂੰ ਅੰਜਾਮ ਦਿਤਾ। ਪੀੜਤ ਲੜਕੀ ਦੀ ਮਾਂ ਨੇ ਅਪਣੀ ਸ਼ਿਕਾਇਤ ਵਿਚ ਕਿਹਾ ਕਿ ਉਸ ਨੂੰ ਇਕ ਗੁਆਂਢੀ ਨੇ ਦਸਿਆ ਸੀ ਕਿ ਹਰਪ੍ਰੀਤ ਸਿੰਘ ਉਸਦੀ ਲੜਕੀ ਨੂੰ ਇਕ ਖੇਤ ਵਿਚ ਲੈ ਕੇ ਗਿਆ ਹੈ।

16 ਦਸੰਬਰ 2012 ਰੋਜ਼ਾਨਾ ਸਪੋਕਸਮੈਨ

## Girl gangraped; 3 held, 5 at large

**NAKODAR:** Police have arrested three of the eight men who allegedly gang-raped a 17-year-old girl of Mehatpur, 10 km from here, on Thursday night. Mehatpur SHO Surinder Pal Singh said the accused arrested on Friday had been identified as Palwinder Singh Sonu, a resident of Shahpur village, and Dalbir alias Laddi and Balwinder Singh of Khurmpur village.

The SHO said two of the accused were minors.

The other accused have been identified as Ajay Kumar and Manga of Khurmpur village; Mithu and Pachi, residents of Danewal village, and Sunny, resident of Shahpur. The victim told the police that she was going to her friend's place on December 13 evening

**TAKEN ALONG BY ONE OF THE MEN, THE 17-YEAR-OLD WAS RAPED BY HIS FRIENDS; 2 ACCUSED ARE MINOR**

when Sonu forced her to sit on his motorcycle. She alleged that she was taken to Ismailpur and later to Balwinder's house, where all the accused raped her. The accused threatened to kill her in case she reported the matter to anyone. The SHO said a case had been registered against the eight accused and raids were being conducted to nab the five others. He said the medical examination of the victim was conducted that confirmed the rape. **HTC**

16 ਦਸੰਬਰ 2012 ਹਿੰਦੁਸਤਾਨ ਟਾਈਮਜ਼

# ਡਰਾਇੰਗ ਟੀਚਰ ਨੇ ਵਿਦਿਆਰਥਣ ਦਾ ਕੀਤਾ ਸਰੀਰਕ ਸ਼ੋਸ਼ਣ, ਮੁਅੱਤਲ

**ਪੱਤਰ ਪ੍ਰੇਰਕ, ਮਾਨਸਾ** : ਨੇੜਲੇ ਪਿੰਡ ਵਿਚ ਸਥਿਤ ਹਾਈ ਸਕੂਲ ਦੇ ਇਕ ਡਰਾਇੰਗ ਟੀਚਰ ਦੇ ਪਹਿਲਾਂ ਉਥੋਂ ਦੀ ਇਕ ਔਰਤ ਨਾਲ ਤੇ ਬਾਅਦ ਵਿਚ ਨੌਵੀਂ ਜਮਾਤ ਦੀ ਵਿਦਿਆਰਥਣ ਨਾਲ ਸਰੀਰਕ ਸਬੰਧ ਉਜਾਗਰ ਹੋਏ ਹਨ। ਇਸ ਮਾਮਲੇ 'ਚ ਸਿੱਖਿਆ ਵਿਭਾਗ ਨੇ ਇਕ ਵਾਰ ਪਹਿਲਾਂ ਸਬੰਧਤ ਅਧਿਆਪਕ ਦੀ ਬਦਲੀ ਕਰ ਦਿੱਤੀ ਸੀ। ਜਾਣਕਾਰੀ ਮੁਤਾਬਕ ਇਸ ਸਕੂਲ ਦਾ ਡਰਾਇੰਗ ਅਧਿਆਪਕ ਕਾਫ਼ੀ ਸਮੇਂ ਤੋਂ ਇਥੇ ਕੰਮ ਕਰਦੀ ਇਕ ਔਰਤ ਨਾਲ ਸਰੀਰਕ ਸਬੰਧ ਬਣਾ ਕੇ ਸਕੂਲ ਦੀ ਮਰਿਆਦਾ ਨਾਲ ਖਿਲਵਾੜ ਕਰਦਾ ਆ ਰਿਹਾ ਸੀ। ਬਾਅਦ ਵਿਚ ਉਸ ਨੇ ਨੌਵੀਂ ਜਮਾਤ ਦੀ ਨਾਬਾਲਗ ਵਿਦਿਆਰਥਣ ਨਾਲ ਵੀ ਸਬੰਧ ਕਾਇਮ ਕਰ ਲਏ। ਇਸ ਮਾਮਲੇ ਦੀ ਪੜਤਾਲ ਖੁਦ ਜ਼ਿਲ੍ਹਾ ਸਿੱਖਿਆ ਅਫ਼ਸਰ ਮਾਨਸਾ ਕਰ ਰਹੇ ਹਨ ਤੇ ਉਨ੍ਹਾਂ ਆਪਣੀ ਹੁਣ ਤਕ ਦੀ ਪੜਤਾਲ ਵਿਚ ਇਸ ਅਧਿਆਪਕ ਨੂੰ ਦੋਸ਼ੀ ਪਾਇਆ ਹੈ। ਜ਼ਿਲ੍ਹਾ ਸਿੱਖਿਆ ਅਫਸਰ ਮਾਨਸਾ ਹਰਬੰਸ ਸਿੰਘ ਸੰਧੂ ਦੇ ਹੁਕਮਾਂ 'ਤੇ ਇਸ ਅਧਿਆਪਕ ਦੀ ਬਦਲੀ ਕਰ ਦਿੱਤੀ ਗਈ ਤੇ ਅਗਲੀ ਕਾਰਵਾਈ ਲਈ ਵਿਭਾਗ ਨੂੰ ਪੱਤਰ ਭੇਜ ਦਿੱਤਾ ਗਿਆ ਹੈ। ਸੰਧੂ ਨੇ ਕਿਹਾ ਕਿ ਉਕਤ ਅਧਿਆਪਕ ਦੀ ਬਦਲੀ ਕਰਨ ਤੋਂ ਬਾਅਦ ਉਸ ਖ਼ਿਲਾਫ਼ ਤੇਜ਼ੀ ਨਾਲ ਵਿਭਾਗੀ ਕਾਰਵਾਈ ਕੀਤੀ ਜਾ ਰਹੀ ਹੈ। ਡੀਪੀਆਈ ਕਮਲ ਗਰਗ ਨੇ ਕਿਹਾ ਕਿ ਅਧਿਆਪਕ ਨੂੰ ਮੁਅੱਤਲ ਕਰ ਦਿੱਤਾ ਹੈ।

**ਸ਼ਰਮਨਾਕ**

- **ਪਹਿਲਾਂ ਵੀ ਸਕੂਲ 'ਚ ਕੰਮ ਕਰਨ ਵਾਲੀ ਇਕ ਔਰਤ ਨਾਲ ਬਣਾਏ ਸਨ ਸਰੀਰਕ ਸਬੰਧ**
- **ਅਧਿਆਪਕ ਨੂੰ ਕਰ ਦਿੱਤਾ ਗਿਆ ਹੈ ਮੁਅੱਤਲ : ਡੀਪੀਆਈ**

(ਦੋਵੇਂ ਖਬਰਾਂ) 18 ਦਸੰਬਰ 2012 ਪੰਜਾਬੀ ਜਾਗਰਣ

# ਭਰਾ ਅਤੇ ਉਸਦਾ ਦੋਸਤ ਮਿਲਕੇ ਲੁੱਟਦੇ ਰਹੇ ਲੜਕੀ ਦੀ ਇੱਜ਼ਤ

**ਕਾਸਰਗੋਡ (ਏਜੰਸੀ)** : ਨਾਬਾਲਗਾਂ ਨੂੰ ਜਿਨਸੀ ਸੋਸ਼ਣ ਦਾ ਸ਼ਿਕਾਰ ਬਣਾਉਣ ਦੀ ਇਕ ਹੋਰ ਘਟਨਾ ਵਿਚ ਇਥੋਂ ਦੀ ਇਕ 14 ਸਾਲਾ ਲੜਕੀ ਦੀ ਇੱਜ਼ਤ ਕਥਿਤ ਤੌਰ 'ਤੇ ਉਸ ਦਾ ਭਰਾ ਅਤੇ ਭਰਾ ਦਾ ਦੋਸਤ ਪਿਛਲੇ ਦੋ ਸਾਲ ਤੋਂ ਲੁੱਟਦੇ ਆ ਰਹੇ ਹਨ। ਦੋਵੇਂ ਮੁਲਜ਼ਮ ਪਵੂਰ ਇਲਾਕੇ ਨਾਲ ਸਬੰਧ ਰੱਖਦੇ ਹਨ ਅਤੇ ਦੋਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਪੁਲਸ ਸੂਤਰਾਂ ਨੇ ਦੱਸਿਆ ਕਿ ਦੋਵੇਂ ਲੜਕੀ ਨੂੰ ਕਈ ਥਾਈਂ ਘੁਮਾਉਣ ਵੀ ਲੈ ਗਏ ਅਤੇ ਉਥੇ ਵੀ ਉਸ ਨਾਲ ਬਲਾਤਕਾਰ ਕਰਦੇ ਰਹੇ। ਮਾਮਲਾ ਉਸ ਵੇਲੇ ਸਾਹਮਣੇ ਆਇਆ ਜਦੋਂ ਲੜਕੀ ਚਾਰ ਹੋਰ ਲੜਕਿਆਂ ਨਾਲ ਇਕ ਹੋਟਲ ਵਿਚ ਫੜੀ ਗਈ ਅਤੇ ਪੁਲਸ ਨੇ ਉਸ ਤੋਂ ਪੁੱਛਗਿੱਛ ਕੀਤੀ। ਇਸ ਮਾਮਲੇ ਵਿਚ ਹੋਰ ਵੀ ਬਹੁਤ ਸਾਰੇ ਲੋਕ ਸ਼ਾਮਲ ਹੋ ਸਕਦੇ ਹਨ। ਇਸ ਬਾਰੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

- **ਦੋਵੇਂ ਇਸ 14 ਸਾਲਾ ਕੁੜੀ ਨੂੰ ਕਈ ਥਾਈਂ ਘੁਮਾਉਣ ਲਈ ਵੀ ਲੈ ਗਏ**



ਰਾਜਧਾਨੀ 'ਚ ਇਨਸਾਨੀਅਤ ਸ਼ਰਮਸਾਰ

# ਵਿਦਿਆਰਥਣ ਨਾਲ ਚੱਲਦੀ ਬਸ 'ਚ ਗੈਂਗਰੇਪ

- ਵਿਰੋਧ ਕਰਨ 'ਤੇ ਕੁੜੀ ਦੇ ਦੋਸਤ ਨੂੰ ਬੁਰੀ ਤਰਾਂ ਕੁੱਟਿਆ
- ਵਾਰਦਾਤ 'ਚ ਸ਼ਾਮਲ ਸਨ ਛੇ ਲੜਕੇ, ਇਕ ਗ੍ਰਿਫ਼ਤਾਰ

**ਪੰਜਾਬੀ ਜਾਗਰਣ ਬਿਊਰੋ, (ਨਵੀਂ ਦਿੱਲੀ)** : ਚੱਲਦੀ ਬਸ 'ਚ ਡਰਾਈਵਰ ਸਮੇਤ ਛੇ ਲੜਕਿਆਂ ਨੇ 23 ਸਾਲਾ ਪੈਰਾ ਮੈਡੀਕਲ ਦੀ ਇਕ ਵਿਦਿਆਰਥਣ ਨਾਲ ਉਸ ਦੇ ਦੋਸਤ ਦੇ ਸਾਹਮਣੇ ਸਮੂਹਿਕ ਬਲਾਤਕਾਰ ਕੀਤਾ। ਘਟਨਾ ਐਤਵਾਰ ਰਾਤ ਦੱਖਣੀ ਦਿੱਲੀ ਦੇ ਵਸੰਤ ਵਿਹਾਰ ਦੀ ਹੈ। ਹੈਵਾਨੀਅਤ ਦੀਆਂ ਸਾਰੀਆਂ ਹੱਦਾਂ ਪਾਰ ਕਰਦਿਆਂ ਦੋਸ਼ੀਆਂ ਨੇ ਵਿਰੋਧ ਕਰਨ ਵਾਲੇ ਲੜਕੀ ਦੇ ਦੋਸਤ ਨੂੰ ਨੰਗਾ ਕਰ ਕੇ ਉਸ ਦੀ ਲੋਹੇ ਦੀਆਂ ਰਾਡਾਂ ਨਾਲ ਬੁਰੀ ਤਰਾਂ ਕੁੱਟ ਮਾਰ ਕੀਤੀ। ਚਲਦੀ ਬਸ 'ਚੋਂ ਦੋਵਾਂ ਨੂੰ ਮਹੀਪਾਲਪੁਰ ਕੋਲ ਸੜਕ ਕੰਢੇ ਸੁੱਟ ਕੇ ਦੋਸ਼ੀ ਫਰਾਰ ਹੋ ਗਏ। ਦਰਿੰਦਗੀ ਦਾ ਸ਼ਿਕਾਰ ਹੋਈ ਲੜਕੀ ਸਫਦਰਜੰਗ ਹਸਪਤਾਲ 'ਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੀ ਹੈ। ਲੜਕੀ ਉਤਰ ਪ੍ਰਦੇਸ਼ ਦੇ ਬਾਲੀਆ ਦੀ ਤੇ ਲੜਕਾ ਗੋਰਖਪੁਰ ਦਾ ਰਹਿਣ ਵਾਲਾ ਦੱਸਿਆ ਜਾਂਦਾ ਹੈ।

ਪੁਲਸ ਅਧਿਕਾਰੀਆਂ ਮੁਤਾਬਕ ਦੇਹਰਾਦੂਨ ਤੋਂ ਪੈਰਾ ਮੈਡੀਕਲ ਦਾ ਕੋਰਸ ਕਰਨ ਮਗਰੋਂ ਲੜਕੀ ਦਿੱਲੀ ਦੇ ਇਕ ਪ੍ਰਸਿੱਧ ਹਸਪਤਾਲ 'ਚ ਇੰਟਰਨਸ਼ਿਪ ਕਰ ਰਹੀ ਹੈ ਜਦੋਂ ਕਿ ਉਸ ਦਾ ਦੋਸਤ ਬੀਟੈਕ ਕਰਨ ਮਗਰੋਂ ਸਿਵਲ ਸਰਵਿਸਜ਼ ਦੀ ਤਿਆਰੀ ਕਰ ਰਿਹਾ ਹੈ। ਦੋਵਾਂ ਨੇ ਐਤਵਾਰ ਨੂੰ ਸਾਕੇਤ ਸਥਿਤ ਇਕ ਮਾਲ 'ਚ ਫਿਲਮ ਦੇਖੀ ਤੇ ਫਿਰ ਦੋਵੇਂ ਆਟੋ 'ਤੇ ਮੁਨੀਰਕਾ ਆ ਗਏ।

ਪੁਲਸ ਨੂੰ ਦਿੱਤੇ ਬਿਆਨ 'ਚ ਲੜਕੇ ਨੇ ਦੱਸਿਆ ਕਿ ਰਾਤ ਨੂੰ ਕਰੀਬ 9.15 'ਤੇ ਉਹ ਲੜਕੀ ਦੇ ਨਾਲ ਬਸ ਸਟੈਂਡ 'ਤੇ ਖੜਾ ਸੀ। ਇਕ ਨਿੱਜੀ ਕੰਪਨੀ ਦੀ ਬਸ 'ਚ ਸਵਾਰ ਕੁਝ ਲੋਕਾਂ ਨੇ ਉਨ੍ਹਾਂ ਨੂੰ ਦਵਾਰਕਾ ਛੱਡਣ ਦੀ ਗੱਲ ਕਹੀ। ਕੁਝ ਦੂਰ ਜਾਣ 'ਤੇ ਨੌਜਵਾਨਾਂ ਨੇ ਪ੍ਰੀਤੀ ਨਾਲ ਛੇੜਛਾੜ ਸ਼ੁਰੂ ਕਰ ਦਿੱਤੀ। ਦੀਪਕ ਨੇ ਵਿਰੋਧ ਕੀਤਾ ਤਾਂ ਲੋਹੇ ਦੀ ਰਾਡ ਨਾਲ ਉਸਦੀ ਮਾਰ ਕੁਟਾਈ ਕੀਤੀ ਗਈ। ਪ੍ਰੀਤੀ ਨਾਲ ਜ਼ਬਰਦਸਤੀ ਕੀਤੀ ਤੇ ਕਰੀਬ ਸਵਾ ਘੰਟੇ ਬਾਅਦ ਦੋਵਾਂ ਨੂੰ ਮਹੀਪਾਲਪੁਰ ਫਲਾਈਓਵਰ ਨੇੜੇ ਬਸ 'ਚੋਂ ਬਾਹਰ ਸੁੱਟ ਦਿੱਤਾ।

## ਸ਼ੀਲਾ ਨੇ ਦਿੱਤੀ ਫੌਰੀ ਕਾਰਵਾਈ ਦੀ ਹਦਾਇਤ

ਸੋਮਵਾਰ ਦੇਰ ਸ਼ਾਮ ਪੁਲਸ ਨੇ ਇਕ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਬਾਕੀਆਂ ਦੀ ਗ੍ਰਿਫ਼ਤਾਰੀ ਲਈ ਸੀਸੀਟੀਵੀ ਕੈਮਰਿਆਂ ਤੋਂ ਮਿਲੇ ਫੁਟੇਜ ਦੇ ਅਧਾਰ ਸਕੈਚ ਜਾਰੀ ਕਰ ਦਿੱਤੇ। ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਨੇ ਵੀ ਦੋਸ਼ੀਆਂ ਦੀ ਛੇਤੀ ਤੋਂ ਛੇਤੀ ਗ੍ਰਿਫ਼ਤਾਰੀ ਕਰਨ ਤੇ ਉਨ੍ਹਾਂ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦੀ ਹਦਾਇਤ ਕੀਤੀ ਹੈ। ਇਸ ਦੇ ਨਾਲ ਹੀ ਇਸ ਵਾਰਦਾਤ ਤੋਂ ਬਾਅਦ ਹੁਣ ਦਿੱਲੀ ਪ੍ਰਸ਼ਾਸਨ ਬਸਾਂ 'ਚ ਸੀਸੀਟੀਵੀ ਕੈਮਰੇ ਲਗਾਉਣ ਦੀ ਯੋਜਨਾ ਵੀ ਬਣਾਉਣ ਲੱਗਾ ਹੈ।

18 ਦਸੰਬਰ 2012 ਪੰਜਾਬੀ ਜਾਗਰਣ



# 24-yr-old raped, set afire in Bengal by her neighbour

**POLICE APATHY?** Doctor at hospital says cops swung into action only after the Delhi gangrape case hit the headlines

how safe are women in india?

HT Correspondent
letters@hindustantimes.com

**SILIGURI:** A 24-year old woman was set on fire after being allegedly raped by her neighbour at a village in north Bengal's Darjeeling district.

Daughter of a rickshaw van puller, the victim is in hospital with 35% burns.

According to the FIR lodged by Sunil Das, a resident of Ramdhoj village under Bagdogra police station, on December 15: "One Santosh Baroi took my daughter to his house on the night of December 14. He raped her and set her on fire after pouring kerosene on her."

Siliguri commissioner of police Anand Kumar said, "The accused is absconding. It was not a case of gangrape."

The role of the local police has come under the scanner. A doctor at North Bengal Medical College and Hospital, where the victim is being treated, said, "The police swung into action only after the Delhi gangrape hit the national headlines."

The doctor pointed out, "Though the FIR had clearly mentioned rape, the police did not immediately take the woman for a medical test."

It was only from December 18 that the policemen got active and are doing what they should have done much earlier," the doctor said on the condition of anonymity.

## UP cops dilute charge, file molestation case

HT Correspondent
letters@hindustantimes.com

**VARANASI:** Even as the country raged over the Delhi rape case, a 38-year-old woman was allegedly gangraped by three persons at a roadways bus stand in Uttar Pradesh's Mau district late on Tuesday night.

Adding to the agony of the victim, the police tore her complaint and lodged a case of molestation, eve teasing and theft, and that too only after the media intervened.

HT has a copy of the complaint, which clearly said the girl had been gangraped.

The victim, a resident of a village under Maharajganj police station in Azamgarh district, had left for Vindhyachal along with her mother-in-law, father-in-law and brother-in-law. On the way, their neighbours Jhanku Ram, Prem Chand and Tilakdhari also joined them. All of them boarded a bus to Mau from where they had to board the Chauri Chaura Express.

THE VICTIM – RAPED AT A BUS STAND – WENT TO MAU POLICE, BUT HER REPORT WAS TORN UP

In Mau, the trio sent the rest of the family to the railway station to buy tickets while they took the woman to the deserted waiting room of the bus stand where they took turns raping her. All three then escaped.

When the woman did not reach the railway station for several hours, the brother-in-law returned to the bus stand and found her unconscious.

After the victim regained her senses, they informed the police.

## Shopkeeper held for rape

A provision store owner was arrested on Wednesday for allegedly raping a 19-year-old woman inside his shop in southeast Bangalore, police said.

According to the complaint lodged by the girl's father with the police, Ashwath K, 28, raped his daughter on Tuesday when she had gone to the shop to buy a packet of chips. The woman and her family members are daily wage labourers.

Police sent the accused and the girl for medical examination and are awaiting the results. A police source said the accused was the supporter of a political party.

HTC, BANGALORE

20 ਦਸੰਬਰ 2012 ਹਿੰਦੁਸਤਾਨ ਟਾਈਮਜ਼

## ਨਾਬਾਲਗ ਲੜਕੀ ਨਾਲ ਬਲਾਤਕਾਰ

**ਬੰਗਲੌਰ (ਏਜੰਸੀ)** : ਇਥੋਂ ਦੀ ਇਕ 14 ਸਾਲਾ ਲੜਕੀ ਨਾਲ ਕਥਿਤ ਤੌਰ 'ਤੇ ਕਰਿਆਣੇ ਦੀ ਦੁਕਾਨ ਦੇ ਮਾਲਕ ਨੇ ਬਲਾਤਕਾਰ ਕੀਤਾ। ਇਹ ਲੜਕੀ ਉਸ ਦੀ ਦੁਕਾਨ 'ਤੇ ਆਮ ਤੌਰ 'ਤੇ ਸੌਦਾ ਖਰੀਦਣ ਆਉਂਦੀ ਹੁੰਦੀ ਸੀ ਅਤੇ ਮੌਕਾ ਮਿਲਣ 'ਤੇ ਦੁਕਾਨਦਾਰ ਨੇ ਉਸ ਨਾਲ ਬਲਾਤਕਾਰ ਕੀਤਾ। 26 ਸਾਲਾ ਸਟੋਰ ਮਾਲਕ ਅਸ਼ਵਤ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਡਿਪਟੀ ਕਮਿਸ਼ਨਰ ਪੁਲਸ ਪੀਐਸ ਹਰਸ਼ਾ ਨੇ ਦੱਸਿਆ ਕਿ ਦੋਵਾਂ ਦੀ ਮੈਡੀਕਲ ਜਾਂਚ ਕਰਵਾਈ ਗਈ ਹੈ।

20 ਦਸੰਬਰ 2012 ਪੰਜਾਬੀ ਜਾਗਰਣ

## ਨਾਬਾਲ.ਗ ਲੜਕੀ ਨੂੰ ਜ਼ਹਿਰੀਲੀ ਦਵਾਈ ਪਿਲਾਈ, ਮਾਮਲਾ ਦਰਜ

**ਅੰਮ੍ਰਿਤਸਰ, 22 ਦਸੰਬਰ (ਅਮਨਦੀਪ ਸਿੰਘ)** : ਥਾਣਾ ਰਾਜਾਸਾਂਸੀ ਅਧੀਨ ਆਉਂਦੇ ਪਿੰਡ ਅਦਲੀਵਾਲ ਦੇ ਰਤਨ ਸਿੰਘ ਪੁੱਤਰ ਮੁਖਤਿਆਰ ਸਿੰਘ ਨੇ ਥਾਣਾ ਰਾਜਾਸਾਂਸੀ ਵਿਖੇ ਲਿਖਤੀ ਬਿਆਨ ਰਾਹੀਂ ਦੋਸ਼ ਲਗਾਇਆ ਕਿ ਉਹ ਰਣਜੀਤ ਐਵੀਨਿਊ ਬੀ ਬਲਾਕ ਯੂਨੀਅਨ ਬੈਂਕ ਦੇ ਸਾਹਮਣੇ ਚਾਹ ਦੀ ਦੁਕਾਨ ਕਰਦਾ ਹੈ। ਮੁਖਰਾਮ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਚੀਚਾ, ਬਿੱਲੂ ਪੁੱਤਰ ਪਰਗਟ ਸਿੰਘ ਵਾਸੀ ਅਦਲੀਵਾਲ ਮੇਰੀ ਛੋਟੀ ਲੜਕੀ ਅਰਸ਼ਦੀਪ ਕੌਰ (16) ਜੋ ਸਰਕਾਰੀ ਸਕੂਲ ਅਦਲੀਵਾਲ 'ਚ ਪੜ੍ਹਦੀ ਹੈ ਨੂੰ ਰੋਜ਼ਾਨਾ ਤੰਗ ਪ੍ਰਸ਼ਾਨ ਕਰਦੇ ਸਨ। ਬੀਤ ਦਿਨੀਂ ਤਿੰਨ ਵਜੇ ਮੇਰੀ ਲੜਕੀ ਸੌਦਾ ਲੈ ਕੇ ਜਾ ਰਹੀ ਸੀ, ਤਾਂ ਬਿੱਲੂ ਨੇ ਉਸ ਦੀਆਂ ਬਾਹਾਂ ਫੜ ਲਈਆਂ ਅਤੇ ਮੁਖਰਾਮ ਸਿੰਘ ਕੋਈ ਜ਼ਹਰੀਲੀ ਦਵਾਈ ਮੇਰੀ ਲੜਕੀ ਦੇ ਮੂੰਹ ਵਿਚ ਜਬਰਦਸਤੀ ਪਾ ਦਿਤੀ। ਜਦੋਂ ਲੜਕੀ ਨੇ ਰੌਲਾ ਪਾਇਆ ਤਾਂ ਦੋਵੇਂ ਦੋਸ਼ੀ ਦੌੜ ਗਏ। ਲੜਕੀ ਨੂੰ ਨਜ਼ਦੀਕੀ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਏ.ਐਸ.ਆਈ ਜੁਗਰਾਜ ਸਿੰਘ ਨੇ ਕੇਸ ਦਰਜ ਕਰ ਕੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿਤੀ ਹੈ।

23 ਦਸੰਬਰ 2012 ਰੋਜ਼ਾਨਾ ਸਪੋਕਸਮੈਨ

# ਇਕ ਹੋਰ ਲੜਕੀ ਦੀ ਇੱਜ਼ਤ ਨੂੰ ਪਾਇਆ ਹੱਥ

**ਨਿਤਿਨ ਕਾਲੀਆ, ਛੇਹਰਟਾ** : 5 ਦਸੰਬਰ ਨੂੰ ਛੇਹਰਟਾ ਵਿਖੇ ਵਾਪਰੇ ਗੋਲੀ ਕਾਂਡ ਜਿਸ ਵਿੱਚ ਥਾਣੇਦਾਰ ਰਵਿੰਦਰਪਾਲ ਸਿੰਘ ਨੂੰ ਆਪਣੀ ਜਾਨ ਤੋਂ ਹੱਥ ਧੋਣਾ ਪਿਆ। ਅਜਿਹੀਆਂ ਖਬਰਾਂ ਦੀ ਅਜੇ ਸਿਆਹੀ ਵੀ ਨਹੀਂ ਸੁੱਕੀ ਕਿ ਕੱਲ੍ਹ ਫਿਰ ਛੇਹਰਟਾ ਪੁਲਸ ਥਾਣਾ ਦੇ ਅਧੀਨ ਆਉਂਦੇ ਇਲਾਕਾ ਨਰਾਇਣਗੜ੍ਹ ਵਿੱਖੇ ਅਜਿਹਾ ਹੀ ਕਾਂਡ ਵਾਪਰਨ ਤੋਂ ਮਸਾਂ ਹੀ ਬਚਿਆ। ਇਸ ਸਬੰਧੀ ਕਾਮਰੇਡ ਬਲਵਿੰਦਰ ਸਿੰਘ ਛੇਹਰਟਾ ਦੀ ਅਗੁਵਾਈ ਵਿਚ ਇਲਾਕਾ ਨਿਵਾਸੀਆਂ ਵੱਲੋਂ ਇਕ ਮੀਟਿੰਗ ਕਰਕੇ ਇਸ ਸਾਰੇ ਘਟਨਾਂਕ੍ਰਮ ਸਬੰਧੀ ਪੁਲਸ ਥਾਣਾ ਛੇਹਰਟਾ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਪੱਤਰ ਸਬੰਧੀ ਰੌਸ਼ਨੀ ਪਾਉਦਿਆਂ ਕਾਮਰੇਡ ਬਲਵਿੰਦਰ ਸਿੰਘ ਨੇ ਕਿਹਾ ਕਿ ਬੀਤੇ 20 ਦਸੰਬਰ ਨੂੰ ਨਰਾਇਣਗੜ੍ਹ ਬਜ਼ਾਰ ਵਿੱਚ ਇਕ ਸਕੂਲੋਂ ਘਰ ਆਉਂਦੀ ਲੜਕੀ ਨੂੰ ਗੁੰਡਿਆਂ ਵੱਲੋਂ ਸ਼ਰੇਆਮ ਰੋਕ ਕੇ ਗੁੰਡਾਗਰਦੀ ਕੀਤੀ ਗਈ ਜਦ ਇਸ ਘਟਨਾਂ ਬਾਰੇ ਲੜਕੀ ਨੇ ਆਪਣੇ ਪਿਤਾ ਤੇ ਪਰਿਵਾਰ ਦੇ ਮੈਂਬਰਾਂ ਨੂੰ ਉਨ੍ਹਾਂ ਦੀ ਪਛਾਣ ਕਰ ਕੇ ਦੱਸਿਆਂ ਤਾਂ ਉਨ੍ਹਾਂ ਨੇ ਲੜਕੀ ਦੇ ਪਰਿਵਾਰ ਤੇ ਹਮਲਾ ਕਰ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਲੋਕ ਸਮੇਂ ਸਿਰ ਉਨ੍ਹਾਂ ਦੇ ਪਰਿਵਾਰ ਨੂੰ ਨਾ ਬਚਾਉਂਦੇ ਤਾਂ ਉਨ੍ਹਾਂ ਦੇ ਪਰਿਵਾਰ ਦੇ ਕਿਸੇ ਮੈਂਬਰ ਨਾਲ ਵੀ ਥਾਣੇਦਾਰ ਰਵਿੰਦਰਪਾਲ ਸਿੰਘ ਵਾਲੀ ਘਟਨਾ ਵਾਪਰ ਸਕਦੀ ਸੀ। ਇਸ ਮੌਕੇ ਹਰਦੀਪ ਸਿੰਘ, ਨਰਿੰਦਰਪਾਲ ਸਿੰਘ, ਬਲਦੇਵ ਸਿੰਘ, ਈਸ਼ਵਰ ਸਿੰਘ, ਜਗਦੀਸ਼ ਮਹਾਜਨ, ਪਾਲ ਸਿੰਘ, ਪਿੰਕੀ ਪ੍ਰਧਾਨ, ਵੈਸ਼ਾਲੀ ਮਹਾਜਨ ਤੇ ਪੱਪੂ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਜੁਰਮ

▸ ਪਤਾ ਲੱਗਣ 'ਤੇ ਕੀਤਾ ਲੜਕੀ ਦੇ ਪਰਿਵਾਰ 'ਤੇ ਹਮਲਾ

23 ਦਸੰਬਰ 2012 ਪੰਜਾਬੀ ਜਾਗਰਣ

# ਲੜਕੀ ਨੂੰ ਛੇੜਨ ਤੋਂ ਰੋਕਣ 'ਤੇ ਕਰ ਦਿੱਤੀ ਪਿਓ ਦੀ ਕੁੱਟਮਾਰ

▸ ਪੁਲਸ ਨੇ ਮਾਮਲਾ ਦਰਜ ਕਰਕੇ ਪੜਤਾਲ ਕੀਤੀ ਸ਼ੁਰੂ

**ਸਟਾਫ਼ ਰਿਪੋਰਟਰ, ਬਠਿੰਡਾ** : ਅਜੇ ਅੰਮ੍ਰਿਤਸਰ ਕਾਂਡ ਦੀ ਗੂੰਜ ਲੋਕਾਂ ਦੇ ਕੰਨਾਂ ਤੋਂ ਦੂਰ ਵੀ ਨਹੀਂ ਗਈ ਸੀ ਕਿ ਜ਼ਿਲ੍ਹੇ ਦੇ ਪਿੰਡ ਚੁੱਘੇ ਖੁਰਦ 'ਚ ਕਈ ਵਿਅਕਤੀਆਂ ਨੇ ਮਿਲਕੇ ਇਕ ਲੜਕੀ ਦੇ ਪਿਉ ਨੂੰ ਇਸ ਲਈ ਕੁੱਟ ਦਿੱਤਾ ਕਿ ਉਹ ਆਪਣੀ ਲੜਕੀ ਨਾਲ ਛੇੜ ਖਾਨੀਆਂ ਕਰ ਰਹੇ ਇਕ ਮਨਚਲੇ ਨੌਜਵਾਨ ਨੂੰ ਅਜਿਹਾ ਕਰਨ ਤੋਂ ਰੋਕ ਰਿਹਾ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਬਾਪ 'ਤੇ ਹੀ ਇਕ ਪੂਰੇ ਪਰਿਵਾਰ ਨੇ ਹਮਲਾ ਕਰਕੇ ਉਸ ਦੀ ਕਾਫੀ ਕੁੱਟਮਾਰ ਕੀਤੀ।

ਜ਼ਿਲ੍ਹੇ ਦੇ ਪਿੰਡ ਚੁੱਘੇ ਖੁਰਦ ਦੇ ਰਹਿਣ ਵਾਲੇ ਗੋਬਿੰਦ ਸਿਘ ਨੇ ਥਾਣਾ ਨੰਦਗੜ੍ਹ 'ਚ ਬੀਤੇ ਦਿਨ ਆਪਣੀ ਸ਼ਿਕਾਇਤ ਦਰਜ ਕਰਵਾਈ ਕਿ ਪਿੰਡ ਦੇ ਹੀ ਇਕ ਪਰਿਵਾਰ ਨੇ ਉਸ ਦੀ ਬੇਹਰਿਮੀ ਨਾਲ ਕੁੱਟਮਾਰ ਕੀਤੀ। ਇਸ ਸਭ 'ਚ ਇਕ ਮਹਿਲਾ ਵੀ ਸ਼ਾਮਲ ਸੀ।

ਪੀੜਤ ਵਿਅਕਤੀ ਨੇ ਦੱਸਿਆ ਕਿ ਬਲਕਰਨ ਸਿਘ ਨਾਂ ਦਾ ਇਕ ਵਿਅਕਤੀ ਉਸ ਦੀ ਲੜਕੀ ਨੂੰ ਪਿਛਲੇ ਕਾਫੀ ਸਮੇਂ ਤੋਂ ਗਲਤ ਨਜ਼ਰ ਨਾਲ ਦੇਖਦਾ ਸੀ। ਉਸ ਨੇ ਕਾਫੀ ਦਫ਼ਾ ਉਸ ਨੂੰ ਅਜਿਹਾ ਨਾ ਕਰਨ ਸਬੰਧੀ ਸਮਝਾਇਆ ਵੀ ਸੀ ਪਰ ਉਸ ਦੀਆਂ ਹਰਕਤਾਂ ਵਧਦੀਆਂ ਹੀ ਗਈਆਂ। ਲੜਕੀ ਦੇ ਬਾਪ ਗੋਬਿੰਦ ਸਿਘ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਅਚਾਨਕ ਹੀ ਬਲਕਰਨ ਸਿਘ ਤੋਂ ਇਲਾਵਾ ਉਸ ਦੇ ਪੁੱਤਰ ਲੱਖਾ ਸਿਘ, ਸਰਤਾਜ ਸਿਘ, ਭਰਾ ਸ਼ਿਵਰਾਜ ਸਿਘ, ਪਤਨੀ ਕਿਰਨਜੀਤ ਕੌਰ ਤੇ ਸੋਮਾ ਸਿਘ ਤੇ ਅਮਨਦੀਪ ਸਿਘ ਨੇ ਉਸ 'ਤੇ ਹਮਲਾ ਕਰ ਦਿੱਤਾ। ਥਾਣਾ ਨੰਦਗੜ੍ਹ ਪੁਲਸ ਨੇ ਪੀੜਤ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕਰ ਲਿਆ ਹੈ।

**24 ਦਸੰਬਰ 2012 ਪੰਜਾਬੀ ਜਾਗਰਣ**

## ਨਾਬਾਲਿਗ ਲੜਕੀ ਅਗਵਾ

**ਪੰਜਾਬੀ ਜਾਗਰਣ ਪ੍ਰਤੀਨਿਧ, ਮੋਗਾ :** ਜ਼ਿਲ੍ਹੇ ਦੇ ਪਿੰਡ ਦਾਤਾ ਦੀ ਇਕ 14 ਸਾਲਾ ਮਾਸੂਮ ਲੜਕੀ ਨੂੰ ਵਰਗਲਾ ਕੇ ਲੈ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪੀੜਤ ਪਿਤਾ ਦੇ ਬਿਆਨਾਂ ਦੇ ਆਧਾਰ 'ਤੇ ਮਹਿਣਾ ਪੁਲਸ ਨੇ ਅਣਪਛਾਤੇ ਦੋਸ਼ੀ ਦੇ ਖਿਲਾਫ ਅਗਵਾ ਦਾ ਮਾਮਲਾ ਦਰਜ ਕਰ ਕੇ ਦੋਸ਼ੀ ਅਤੇ ਲੜਕੀ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।ਥਾਣਾ ਮਹਿਣਾ ਦੇ ਏਐਸਆਈ ਬਲਵੀਰ ਸਿੰਘ ਨੇ ਦਸਿਆ ਕਿ ਪਿੰਡ ਦਾਤਾ ਵਾਸੀ ਚਰਨਜੀਤ ਸਿੰਘ ਨੇ ਪੁਲਸ ਕੋਲ ਰਿਪੋਰਟ ਦਰਜ ਕਰਾਈ ਹੈ ਕਿ ਕਲ੍ਹ ਸ਼ਾਮ ਇਕ ਅਣਪਛਾਤੇ ਵਿਅਕਤੀ ਨੇ ਮੋਬਾਇਲ ਫੋਨ 'ਤੇ ਉਸ ਦੀ 14 ਸਾਲਾ ਲੜਕੀ ਨੂੰ ਵਰਗਲਾ ਕੇ ਘਰੋਂ ਬੁਲਾ ਲਿਆ ਅਤੇ ਬਾਅਦ ਵਿਚ ਉਸ ਨੂੰ ਅਗਵਾ ਕਰ ਕੇ ਕਿਧਰੇ ਲੈ ਗਿਆ ਹੈ। ਏਐਸਆਈ ਬਲਵੀਰ ਸਿੰਘ ਨੇ ਦਸਿਆ ਕਿ ਚਰਨਜੀਤ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਦੋਸ਼ੀ ਦੇ ਖਿਲਾਫ ਧਾਰਾ 363,366-ਏ ਆਈਪੀਸੀ ਤਹਿਤ ਮਾਮਲਾਂ ਦਰਜ ਕਰ ਕੇ ਅਗਵਾ ਲੜਕੀ ਅਤੇ ਦੋਸ਼ੀ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਦਿੱਲੀ 'ਚ ਹੋਏ ਗੈਂਗ ਰੇਪ ਤੋਂ ਬਾਅਦ ਅਜਿਹੇ ਵਹਿਸ਼ੀ ਦਰਿੰਦਿਆਂ ਦੇ ਖਿਲਾਫ ਪੂਰੇ ਦੇਸ਼ ਅੰਦਰ ਗੁੱਸਾ ਉਬਲ ਰਿਹਾ ਹੈ ਅਤੇ ਪੂਰੇ ਦੇਸ਼ ਵਿਚੋਂ ਅਜਿਹੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਦੀਆਂ ਅਵਾਜ਼ਾਂ ਉੱਠ ਰਹੀਆਂ ਹਨ। ਦੂਸਰੇ ਪਾਸੇ ਦੇਸ਼ ਅੰਦਰ ਪੈਦਾ ਹੋਏ ਮਾਹੌਲ ਅੰਦਰ ਵੀ ਅਸਮਾਜਿਕ ਤੱਤਾਂ ਦੇ ਹੌਸਲੇ ਪਸਤ ਹੋਏ ਨਹੀ ਜਾਪਦੇ, ਇਸਦਾ ਪ੍ਰਤੱਖ ਸਬੂਤ ਹੈ ਕਿ ਅੱਜ ਮੋਗਾ ਖੇਤਰ 'ਚ ਫਿਰ ਇਕ ਮਾਸੂਮ ਅਗਵਾ ਹੋ ਗਈ।

**24 ਦਸੰਬਰ 2012 ਪੰਜਾਬੀ ਜਾਗਰਣ**

ਮਹਿਲਾ ਪੁਲਸ ਕਰਮਚਾਰੀ ਨਾਲ ਛੇੜਛਾੜ ਦਾ ਮਾਮਲਾ

## ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਗਏ ਪੁਲਸ ਮੁਲਜ਼ਮਾਂ 'ਤੇ ਹਮਲਾ

**ਸਟਾਫ਼ ਰਿਪੋਰਟਰ, ਸ੍ਰੀ ਮੁਕਤਸਰ ਸਾਹਿਬ :** ਸੱਭਿਆਚਾਰਕ ਪ੍ਰੋਗਰਾਮ ਦੌਰਾਨ ਮਹਿਲਾ ਪੁਲਸ ਮੁਲਾਜ਼ਮ ਨਾਲ ਛੇੜਛਾੜ ਅਤੇ ਏਐਸਆਈ ਨਾਲ ਧੱਕਾਮੁੱਕੀ ਕਰਨ ਦੇ ਮਾਮਲੇ 'ਚ ਸੋਮਵਾਰ ਨੂੰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਗਈ ਪੁਲਸ 'ਤੇ ਮੁੜ ਹਮਲਾ ਕਰ ਦਿੱਤਾ ਗਿਆ। ਇਸ ਦੌਰਾਨ ਦੋ ਪੁਲਸ ਅਧਿਕਾਰੀ ਜ਼ਖ਼ਮੀ ਹੋ ਗਏ ਪਰ ਪੁਲਸ ਨੇ ਛੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ।

ਜ਼ਿਕਰਯੋਗ ਹੈ ਕਿ ਪਿੰਡ ਮੱਲਣ ਵਿਖੇ ਐਤਵਾਰ ਨੂੰ ਪ੍ਰੋਗਰਾਮ ਦੌਰਾਨ ਏਐਸਆਈ ਰਾਮ ਸਿੰਘ ਦੀ ਅਗਵਾਈ 'ਚ ਤਾਇਨਾਤ ਥਾਣਾ ਕੋਟ ਭਾਈ ਦੀਆਂ ਮਹਿਲਾ ਮੁਲਾਜ਼ਮਾਂ ਨਾਲ ਕੁਝ ਸ਼ਰਾਰਤੀ ਅਨਸਰਾਂ ਨੇ ਛੇੜ ਛਾੜ ਕੀਤੀ। ਇਸ 'ਤੇ ਪੁਲਸ ਪਾਰਟੀ ਦੇ ਇਨਚਾਰਜ ਨੇ ਜਦੋਂ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਸ਼ਰਾਰਤੀ

**▸ ਏਐਸਆਈ ਅਤੇ ਹਵਲਦਾਰ ਜ਼ਖ਼ਮੀ, ਦੋਸ਼ੀਆਂ 'ਤੇ ਇਰਾਦਾ ਕਤਲ ਦਾ ਵੀ ਮਾਮਲਾ ਦਰਜ**

ਅਨਸਰਾਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਗਿਆ। ਇਸ ਦੌਰਾਨ ਏਐਸਆਈ ਰਾਮ ਸਿੰਘ ਨੂੰ ਧੱਕਾ ਮਾਰ ਕੇ ਥੱਲੇ ਸੁੱਟ ਦਿੱਤਾ ਗਿਆ। ਦੋਸ਼ੀ ਭੀੜ ਦਾ ਸਹਾਰਾ ਲੈ ਕੇ ਮੌਕੇ ਤੋਂ ਫਰਾਰ ਹੋ ਗਏ। ਇਸ ਸਬੰਧੀ ਥਾਣਾ ਕੋਟ ਭਾਈ ਵਿਖੇ ਮਾਮਲਾ ਦਰਜ ਕੀਤਾ ਗਿਆ ਸੀ। ਸੋਮਵਾਰ ਨੂੰ ਐਸਆਈ ਜਸਵੀਰ ਸਿੰਘ ਦੀ ਅਗਵਾਈ 'ਚ ਇਕ ਟੀਮ ਨੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਪਿੰਡ ਭਲਾਈਆਣਾ ਸੇਮ ਨਾਲੇ 'ਤੇ ਬਣੇ

ਬਾਕੀ ਸਫਾ 2 ਕਾਲਮ 1 'ਤੇ

**25 ਦਸੰਬਰ 2012 ਪੰਜਾਬੀ ਜਾਗਰਣ**

# ਉਜੈਨ 'ਚ ਬਲਾਤਕਾਰ ਦੀ ਕੋਸ਼ਿਸ਼ ਪਿੱਛੋਂ ਤਣਾਅ, ਕਰਫ਼ਿਊ ਲਾਇਆ



**ਉਜੈਨ (ਮੱਧ ਪ੍ਰਦੇਸ਼), 24 ਦਸੰਬਰ:** ਇਥੋਂ ਲਗਭਗ 30 ਕਿਲੋਮੀਟਰ ਦੂਰ ਪਿੰਡ ਘੋਸਲਾ 'ਚ ਐਤਵਾਰ ਨੂੰ ਇਕ ਸਕੂਲੀ ਵਿਦਿਆਰਥਣ ਨਾਲ ਬਲਾਤਕਾਰ ਦੀ ਕੋਸ਼ਿਸ਼ ਕੀਤੇ ਜਾਣ ਦੀ ਘਟਨਾ ਨੂੰ ਲੈ ਕੇ ਭਿੜੀਆਂ ਦੋ ਧਿਰਾਂ ਦੇ ਤਣਾਅ ਤੋਂ ਬਾਅਦ ਕਰਫ਼ਿਊ ਲਗਾ ਦਿਤਾ ਗਿਆ ਹੈ। ਡੀਆਈਜੀ ਪੁਲਿਸ ਸ੍ਰੀਨਿਵਾਸ ਵਰਮਾ ਨੇ ਦਸਿਆ ਕਿ ਕਲ ਸ਼ਾਮ ਜਦੋਂ ਇਕ ਵਿਦਿਆਰਥਣ ਸਕੂਲ ਤੋਂ ਵਾਪਸ ਆ ਰਹੀ ਸੀ ਤਾਂ ਦੂਜੇ ਫ਼ਿਰਕੇ ਦੇ ਪੰਜ ਮੁੰਡਿਆਂ ਨੇ ਉਸ ਨੂੰ ਰੋਕਿਆ ਅਤੇ ਕਿਹਾ ਕਿ ਉਸ ਨੂੰ ਸਕੂਲ ਵਾਪਸ ਬੁਲਾਇਆ ਗਿਆ ਹੈ। ਉਨ੍ਹਾਂ ਦਸਿਆ ਕਿ ਵਿਦਿਆਰਥਣ ਨੂੰ ਸਕੂਲ ਲਿਜਾਣ ਦੀ ਥਾਂ 'ਤੇ ਰਾਹ ਵਿਚ ਹੀ ਉਸ ਨਾਲ ਬਲਾਤਕਾਰ ਦੀ ਕੋਸ਼ਿਸ਼ ਕੀਤੀ ਗਈ ਪਰ ਕੁੜੀ ਵਲੋਂ ਰੌਲਾ ਪਾਉਣ 'ਤੇ ਕਈ ਪਿੰਡ ਵਾਸੀ ਉਥੇ ਪਹੁੰਚ ਗਏ ਜਿਸ ਨੂੰ ਦੇਖਦਿਆਂ ਲੜਕੇ ਉਥੋਂ ਭੱਜ ਗਏ। ਵਰਮਾ ਨੇ ਦਸਿਆ ਕਿ ਇਸ ਘਟਨਾ ਤੋਂ ਬਾਅਦ ਦੋਹਾਂ ਫ਼ਿਰਕਿਆਂ ਦੇ ਲੋਕ ਆਹਮੋ-ਸਾਹਮਣੇ ਆ ਗਏ ਅਤੇ ਇਕ ਦੂਜੇ 'ਤੇ ਪਥਰਾਅ ਸ਼ੁਰੂ ਕਰ ਦਿਤਾ। ਸੂਚਨਾ ਮਿਲਣ ਪਿੱਛੋਂ ਉਥੇ ਪੁੱਜੀ ਪੁਲਿਸ ਨੇ ਉਨ੍ਹਾਂ ਨੂੰ ਤਿਤਰ-ਬਿਤਰ ਕਰ ਦਿਤਾ ਅਤੇ ਧਾਰਾ 144 ਲਗਾ ਦਿਤੀ। ਉਨ੍ਹਾਂ ਦਸਿਆ ਕਿ ਇਸ ਸਬੰਧੀ ਪੁਲਿਸ ਨੇ ਪੰਜਾਂ 'ਚੋਂ ਤਿੰਨ ਮੁੰਡਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਜਦਕਿ ਦੋ ਅਜੇ ਫ਼ਰਾਰ ਹਨ। (ਏਜੰਸੀ)

**25 ਦਸੰਬਰ 2012 ਰੋਜ਼ਾਨਾ ਸਪੋਕਸਮੈਨ**

# ਵਿਦਿਆਰਥਣਾਂ ਦੀਆਂ ਅੱਖਾਂ 'ਚ ਪਾਈਆਂ ਮਿਰਚਾਂ

**ਸਟਾਫ ਰਿਪੋਰਟਰ, ਲੁਧਿਆਣਾ :** ਸਲੇਮ ਟਾਬਰੀ ਇਲਾਕੇ 'ਚ ਸ਼ਿਵਾਨੀ ਨਾਂ ਦੀ ਮਹਿਲਾ ਨਾਲ ਛੇੜਛਾੜ ਅਤੇ ਮਾਰਕੁੱਟ ਦਾ ਮਾਮਲਾ ਅਜੇ ਸ਼ਾਂਤ ਨਹੀ ਹੋਇਆ ਸੀ ਕਿ ਸੈਕਟਰ 32 ਇਲਾਕੇ 'ਚ ਦੋ ਵੱਖ ਵੱਖ ਸਥਾਨਾਂ 'ਤੇ ਮਨਚਲੇ ਨੌਜਵਾਨਾਂ ਨੇ ਦੋ ਸਕੂਲੀ ਵਿਦਿਆਰਥਣਾਂ ਦੀਆਂ ਅੱਖਾਂ 'ਚ ਮਿਰਚਾਂ ਦਾ ਪਾਊਡਰ ਪਾ ਦਿੱਤਾ। ਮਿਰਚਾਂ ਪਾਉਣ ਤੋਂ ਬਾਅਦ ਦੋਵੇਂ ਮਨਚਲੇ ਉਥੋਂ ਫਰਾਰ ਹੋ ਗਏ। ਦੋਵਾਂ ਵਿਦਿਆਰਥਣਾਂ ਨੂੰ ਨਿੱਜੀ ਹਸਪਤਾਲ 'ਚ ਦਾਖ਼ਲ ਕਰਾਇਆ ਗਿਆ ਹੈ, ਜਿੱਥੇ ਜਿੱਥੇ ਇਲਾਜ ਤੋਂ ਬਾਅਦ ਉਨ੍ਹਾਂ ਛੁੱਟੀ ਦੇ ਦਿੱਤੀ ਗਈ ਹੈ।

ਚੰਡੀਗੜ੍ਹ ਰੋਡ ਸਥਿਤ ਸੈਕਟਰ 32 'ਚ ਰਹਿਣ ਵਾਲੀ ਰੀਤੂ (ਅਸਲੀ ਨਾਂ ਨਹੀਂ) ਇਥੋਂ ਦੇ ਹੀ ਇਕ ਨਿੱਜੀ ਸਕੂਲ 'ਚ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਹੈ। ਉਹ ਸੋਮਵਾਰ ਨੂੰ ਸਵੇਰੇ ਆਪਣੀ ਸਹੇਲੀ ਨਾਲ ਆਪਣੀ ਐਕਟਿਵਾ ਸਕੂਟੀ 'ਤੇ ਸਵਾਰ ਹੋ ਕੇ ਟਿਊਸ਼ਨ ਲਈ ਗਈ ਸੀ। ਉਥੋਂ ਵਾਪਸ ਆਉਂਦਿਆਂ ਉਹ ਆਪਣੀ ਸਹੇਲੀ ਨੂੰ ਛੱਡਣ ਲਈ ਉਸਦੇ ਘਰ ਚਲੇ ਗਈ। ਜਿਵੇਂ ਹੀ ਉਹ ਆਪਣੀ ਸਹੇਲੀ ਦੇ ਘਰ 'ਚ ਦਾਖਲ ਹੋਣ ਲੱਗੀ, ਤਾਂ ਐਕਟਿਵਾ ਸਵਾਰ ਨੌਜਵਾਨ ਨੇ ਉਸਨੂੰ ਆਵਾਜ਼ ਦਿੱਤੀ। ਜਿਵੇਂ ਹੀ ਰੀਤੂ ਨੇ ਉਨ੍ਹਾਂ ਵਲ ਵੇਖਿਆ ਤਾਂ ਉਕਤ ਨੌਜਵਾਨ ਨੇ ਉਸ ਦੀਆਂ ਅੱਖਾਂ 'ਚ ਮਿਰਚਾਂ ਦਾ ਪਾਊਡਰ ਪਾ ਦਿੱਤਾ। ਮਿਰਚਾਂ ਅੱਖਾਂ 'ਚ ਪੈਂਦਿਆ ਹੀ ਰੀਤੂ ਚੀਕਾਂ ਮਾਰਨ ਲੱਗੀ। ਰੀਤੂ ਦੇ ਚੀਕਣ ਦੀ ਆਵਾਜ਼ ਸੁਣ ਕੇ ਉਸਦੀ ਸਹੇਲੀ ਦੇ ਪਰਿਵਾਰ ਦੇ ਮੈਂਬਰ ਘਰੋਂ ਬਾਹਰ ਆ ਗਏ। ਲੋਕਾਂ ਨੂੰ ਦੇਖ ਕੇ ਉਕਤ ਨੌਜਵਾਨ ਉਥੋਂ ਫਰਾਰ ਹੋ ਗਿਆ। ਇਸੇ ਦੌਰਾਨ ਕਿਸੇ ਨੇ ਇਸਦੀ ਜਾਣਕਾਰੀ ਕੰਟਰੋਲ ਰੂਮ ਨੂੰ ਦਿੱਤੀ। ਸੂਚਨਾ ਮਿਲਣ ਤੋਂ ਬਾਅਦ ਥਾਣਾ ਜਮਾਲਪੁਰ ਦੀ ਪੁਲਸ ਮੌਕੇ 'ਤੇ ਪਹੁੰਚੀ। ਰੀਤੂ ਦੀ ਸਹੇਲੀ ਦੇ ਘਰ ਦੇ ਗੁਆਂਢ ਵਾਲੇ ਘਰ 'ਚ ਸੀਸੀਟੀਵ ਕੈਮਰਾ ਲੱਗਾ ਹੋਇਆ ਸੀ। ਪੁਲਸ ਨੇ ਸੀਸੀਟੀਵੀ ਕੈਮਰੇ ਦੀ ਫੁਟੇਜ ਨੂੰ ਆਪਣੇ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਇਸ ਮਾਮਲੇ 'ਚ ਥਾਣਾ ਜਮਾਲਪੁਰ ਦੇ ਇੰਚਾਰਜ ਇੰਸਪੈਕਟਰ ਦਵਿੰਦਰ ਸਿੰਘ ਨੇ ਕਿਹਾ ਕਿ ਅਜੇ ਤਕ ਵਿਦਿਆਰਥਣ ਦੇ ਪਰਿਵਾਰ ਦੇ

■ ਬਾਕੀ ਸਫਾ 2 ਕਾਲਮ 1 'ਤੇ

**ਵਾਰਦਾਤ**

- ਆਪਣੀ ਸਹੇਲੀ ਦੇ ਘਰ ਸਾਹਮਣੇ ਖੜ੍ਹੀ 12ਵੀਂ ਦੀ ਵਿਦਿਆਰਥਣ ਨੂੰ ਆਵਾਜ਼ ਮਾਰ ਕੇ ਦਿੱਤਾ ਘਟਨਾ ਨੂੰ ਅੰਜਾਮ
- ਦੂਜੀ ਘਟਨਾ 'ਚ ਖੇਡ ਰਹੀ ਨੌਂਵੀ ਦੀ ਵਿਦਿਆਰਥਣ ਦੀਆਂ ਅੱਖਾਂ 'ਚ ਵੀ ਪਾਈਆਂ ਮਿਰਚਾਂ

## ਸਕੂਲਾਂ, ਕਾਲਜਾਂ ਦੇ ਨੇੜੇ ਤਾਇਨਾਤ ਰਹੇਗੀ ਪੁਲਸ

**ਚੰਡੀਗੜ੍ਹ, ਪੰਜਾਬੀ ਜਾਗਰਣ ਬਿਊਰੋ :** ਦਿੱਲੀ 'ਚ ਹੋਏ ਗੈਂਗਰੇਪ ਤੋਂ ਬਾਅਦ ਡੀਜੀਪੀ ਸੁਮੇਧ ਸੈਣੀ ਨੇ ਆਪਣੇ ਵਿਭਾਗ ਨੂੰ ਹਦਾਇਤਾਂ ਜਾਰੀਆਂ ਕੀਤੀਆਂ ਹਨ ਕਿ ਕੁੜੀਆਂ ਜਾਂ ਮਹਿਲਾਵਾਂ ਨਾਲ ਛੇੜਛਾੜ ਕਰਨ ਵਾਲੇ ਮਨਚਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਾ ਜਾਵੇ ਤੇ ਤੁਰੰਤ ਕਾਰਵਾਈ ਕੀਤੀ ਜਾਵੇ। ਸੂਤਰਾਂ ਅਨੁਸਾਰ ਡੀਜੀਪੀ ਨੇ ਐਤਵਾਰ ਨੂੰ ਪੁਲਸ ਕਮਿਸ਼ਨਰਾਂ ਤੇ ਐਸਐਸਪੀਜ਼ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਸਕੂਲਾਂ, ਕਾਲਜਾਂ ਤੇ ਹੋਰ ਸਿੱਖਿਆ ਅਦਾਰਿਆਂ ਦੇ ਨਜ਼ਦੀਕ ਪੁਲਸ ਦੀ ਗਸ਼ਤ ਵਧਾਈ ਜਾਵੇ। ਪੁਲਸ ਮੁਲਾਜ਼ਮ ਸਿਵਲ ਕਪੜਿਆਂ 'ਚ ਸਕੂਲਾਂ ਜਾਂ ਕਾਲਜਾਂ ਦੇ ਨੇੜੇ ਤੇੜੇ ਤਾਇਨਾਤ ਰਹਿਣ। ਛੇੜਛਾੜ ਕਰਨ ਵਾਲੇ ਕਿਸੇ ਵੀ ਸ਼ਖ਼ਸ ਨੂੰ ਤੁਰੰਤ ਕਾਬੂ ਕੀਤਾ ਜਾਵੇ। ਡੀਜੀਪੀ ਨੇ ਇਹ ਕਿਹਾ ਹੈ ਕਿ ਪੁਲਸ ਸਟੇਸ਼ਨ 'ਤੇ ਪੁੱਜਣ ਵਾਲੀਆਂ ਲੜਕੀਆਂ ਦੇ ਫੋਨ ਨੂੰ ਗੰਭੀਰਤਾ ਨਾਲ ਲਿਆ ਜਾਵੇ ਤੇ ਫੌਰੀ ਤੌਰ 'ਤੇ ਉਸ 'ਤੇ ਕਾਰਵਾਈ ਕੀਤੀ ਜਾਵੇ। ਇਸ ਦੇ ਨਾਲ ਹੀ ਪੀਸੀਆਰ ਟੀਮ ਦੇ ਮੁਲਾਜ਼ਮਾਂ ਨੂੰ ਵੀ ਔਰਤਾਂ ਦੀ ਸੁਰੱਖਿਆ ਵਲ ਵਿਸ਼ੇਸ਼ ਧਿਆਨ ਦੇਣ ਨੂੰ ਕਿਹਾ ਹੈ।

**25 ਦਸੰਬਰ 2012 ਪੰਜਾਬੀ ਜਾਗਰਣ**



# ਥਾਣਾ ਮੁਖੀ 'ਤੇ ਲਾਏ ਸਰੀਰਕ ਸ਼ੋਸ਼ਣ ਦੇ ਦੋਸ਼, ਅਹੁਦਿਓਂ ਮੁਅੱਤਲ

**ਵਰਦੀ ਦਾ ਨਸ਼ਾ**

- ਪਤਨੀ ਤੇ ਭੈਣ ਸਣੇ ਕੁੜੀ ਦੇ ਘਰ ਜਾ ਕੇ ਕੀਤਾ ਹੰਗਾਮਾ, ਮਾਮਲਾ ਦਰਜ

**ਸਟਾਫ਼ ਰਿਪੋਰਟਰ, ਜਲੰਧਰ** : ਸਥਾਨਕ ਅਵਤਾਰ ਨਗਰ ਨਿਵਾਸੀ ਇਕ ਮੁਟਿਆਰ ਨੂੰ ਵਿਆਹ ਦਾ ਝਾਂਸਾ ਦੇ ਕੇ ਦੋਸਤੀ ਕਰਨੀ ਪੰਜਾਬ ਪੁਲਸ ਦੇ ਜਲੰਧਰ 'ਚ ਤਾਇਨਾਤ ਇਕ ਇੰਸਪੈਕਟਰ ਨੂੰ ਉਸ ਸਮੇਂ ਮਹਿੰਗੀ ਪੈ ਗਈ ਜਦੋਂ ਉਕਤ ਮੁਟਿਆਰ ਵਲੋਂ ਸ਼ਿਕਾਇਤ ਕੀਤੇ ਜਾਣ 'ਤੇ ਉਸ ਨੂੰ ਥਾਣਾ ਮੁਖੀ ਦੇ ਅਹੁਦੇ ਤੋਂ ਮੁਅੱਤਲ ਕਰ ਦਿੱਤਾ ਗਿਆ।

**ਭਾਰਗੋ ਕੈਂਪ 'ਚ ਹੋਇਆ ਭਾਰੀ ਹੰਗਾਮਾ**

**ਸਥਾਨਕ ਭਾਰਗੋ ਕੈਂਪ** 'ਚ ਅੱਜ ਉਸ ਸਮੇਂ ਭਾਰੀ ਹੰਗਾਮਾ ਹੋ ਗਿਆ ਜਦੋਂ ਜਲੰਧਰ ਦੇ ਥਾਣਾ ਤਿੰਨ ਦਾ ਮੁਖੀ ਧਰਮਵੀਰ ਆਪਣੀ ਪਤਨੀ ਅੰਜਨਾ ਅਤੇ ਭੈਣ ਅਨੂ ਦੇ ਨਾਲ ਉਥੇ ਰਹਿੰਦੀ ਇਕ ਕੁੜੀ ਦੇ ਘਰ ਪੁੱਜਾ। ਘਰ 'ਚ ਰਹਿੰਦੀ ਮੀਨਾ (ਅਸਲ ਨਾਂਅ ਨਹੀਂ) ਨੇ ਦੋਸ਼ ਲਗਾਇਆ ਕਿ ਉਕਤ ਥਾਣੇਦਾਰ, ਉਸ ਦੀ ਪਤਨੀ ਅਤੇ ਭੈਣ ਨੇ ਉਸ ਦੇ ਘਰ 'ਚ ਆ ਕੇ ਉਸ ਨੂੰ ਕੁੱਟਮਾਰ ਕਰਨ ਤੋਂ ਇਲਾਵਾ ਘਰ 'ਚ ਭੰਨਤੋੜ ਵੀ ਕੀਤੀ ਹੈ। ਉਸ ਨੇ ਇਹ ਵੀ ਦੋਸ਼ ਲਗਾਇਆ ਕਿ ਉਕਤ ਥਾਣੇਦਾਰ ਨੇ ਉਸ ਨੂੰ ਇਹ ਕਹਿ ਕੇ ਧੋਖੇ 'ਚ ਰੱਖਿਆ ਕਿ ਉਹ ਕੁਆਰਾ ਹੈ ਅਤੇ ਉਸ ਨੂੰ ਪਤਨੀ ਬਣਾ ਕੇ ਉਸ ਦਾ ਸਰੀਰਕ ਸ਼ੋਸ਼ਣ ਕਰਦਾ ਰਿਹਾ ਹੈ। ਇਸ ਤੋਂ ਬਾਅਦ ਥਾਣੇਦਾਰ ਦੀ ਪਤਨੀ ਨੇ ਵੀ ਸ਼ਰ੍ਹੇ ਬਾਜ਼ਾਰ ਉਸ ਦੀ ਚੰਗੀ ਝਾੜ ਝੰਬ ਕੀਤੀ।

ਜਲੰਧਰ 'ਚ ਪੀੜਤ ਕੁੜੀ ਦੇ ਬਿਆਨ ਲੈਂਦੇ ਹੋਏ ਏਸੀਪੀ ਰਵਿੰਦਰਪਾਲ ਸਿੰਘ ਸੰਧੂ। ਪੰਜਾਬੀ ਜਾਗਰਣ

ਇਸ ਹੰਗਾਮੇ ਦੀ ਸੂਚਨਾ ਮਿਲਦੇ ਹੀ ਏਡੀਸੀਪੀ-2 ਪਰਮਿੰਦਰ ਸਿੰਘ ਭੰਡਾਲ, ਏਸੀਪੀ ਵੈਸਟ ਰਵਿੰਦਰਪਾਲ ਸਿੰਘ ਸੰਧੂ ਅਤੇ ਥਾਣਾ ਸੱਤ ਦੇ ਮੁਖੀ ਸੋਮ ਨਾਥ ਪੁਲਸ ਪਾਰਟੀ ਸਮੇਤ ਪਹੁੰਚ ਗਏ। ਮੀਨਾ ਅਨੁਸਾਰ 19 ਨਵੰਬਰ 2011 ਤੋਂ ਉਹ ਧਰਮਵੀਰ ਨਾਲ ਪਤਨੀ ਵਜੋਂ ਰਹਿ ਰਹੀ ਸੀ।

ਬੀਤੇ ਦਿਨੀਂ ਉਸ ਨੂੰ ਪਤਾ ਲੱਗਾ ਕਿ ਉਹ ਵਿਆਹਿਆ ਹੋਇਆ ਹੈ। ਜਦੋਂ ਉਸ ਨੇ ਪੁੱਛਿਆ ਕਿ ਤੂੰ ਮੈਨੂੰ ਧੋਖਾ ਕਿਉਂ ਦਿੱਤਾ ਹੈ ਤਾਂ ਉਹ ਝਗੜਾ ਕਰਨ ਲੱਗ ਪਿਆ। ਮੀਨਾ ਅਨੁਸਾਰ ਅੱਜ ਸਵੇਰੇ ਧਰਮਵੀਰ ਆਪਣੀ ਪਤਨੀ ਅਤੇ ਭੈਣ ਦੇ ਨਾਲ ਉਨ੍ਹਾਂ ਦੇ ਘਰ ਜਬਰੀ ਆ ਵੜਿਆ ਅਤੇ ਉਨ੍ਹਾਂ ਨੇ ਉਸ ਨੂੰ ਕੁੱਟਮਾਰ ਕਰਨ ਤੋਂ ਇਲਾਵਾ ਘਰ 'ਚ ਭੰਨਤੋੜ ਵੀ ਕੀਤੀ। ਥਾਣਾ ਭਾਰਗੋ ਕੈਂਪ 'ਚ ਪੀੜਤ ਲੜਕੀ ਦੇ ਬਿਆਨਾਂ 'ਤੇ ਥਾਣੇਦਾਰ, ਉਸ ਦੀ ਪਤਨੀ ਅਤੇ ਭੈਣ ਦੇ ਖਿਲਾਫ ਭਾਰਤੀ ਦੰਡਾਵਲੀ ਦੀ ਧਾਰਾ 323, 427,452 ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

ਮਾਮਲੇ ਦੀ ਰਿਪੋਰਟ ਪੁਲਸ ਕਮਿਸ਼ਨਰ ਸ੍ਰੀ ਗੌਰਵ ਯਾਦਵ ਨੂੰ ਭੇਜੀ ਗਈ ਤਾਂ ਉਨ੍ਹਾਂ ਨੇ ਥਾਣੇਦਾਰ ਖਿਲਾਫ ਵਿਭਾਗੀ ਜਾਂਚ ਦੇ ਹੁਕਮ ਜਾਰੀ ਕਰਦੇ ਹੋਏ ਧਰਮਵੀਰ ਨੂੰ ਮੁਅੱਤਲ ਕਰਕੇ ਪੁਲਸ ਲਾਈਨ ਵੀ ਭੇਜ ਦਿੱਤਾ। ਇਸ ਮਾਮਲੇ ਦੀ ਅੱਜ ਕਾਫੀ ਚਰਚਾ ਰਹੀ।

ਉਧਰੋਂ ਆਪਣਾ ਪੱਖ ਦੱਸਦੇ ਹੋਏ ਇੰਸਪੈਕਟਰ ਧਰਮਵੀਰ ਨੇ ਉਕਤ ਕੁੜੀ ਦੇ ਸਾਰੇ ਦੋਸ਼ਾਂ ਨੂੰ ਨਿਰਾਧਾਰ ਦੱਸਿਆ।

**25 ਦਸੰਬਰ 2012 ਪੰਜਾਬੀ ਜਾਗਰਣ**



# ਅੱਠਵੀਂ ਜਮਾਤ 'ਚ ਪੜ੍ਹਦੀ 14 ਸਾਲਾ ਨਾਬਾਲਗ ਲੜਕੀ ਅਗਵਾ

ਸੱਤਪਾਲ ਸਿਵੀਆਂ, ਗੋਨਿਆਣਾ ਮੰਡੀ

**ਛਾਪੇਮਾਰੀ**

- ਸ਼ੱਕ ਦੇ ਅਧਾਰ 'ਤੇ ਫੜੇ ਨੌਜਵਾਨ ਦੀ ਨਿਸ਼ਾਨਦੇਹੀ 'ਤੇ ਛਾਪੇਮਾਰੀ ਜਾਰੀ
- ਦੋਸ਼ੀ ਛੇਤੀ ਹੀ ਹੋਣਗੇ ਪੁਲਸ ਹਿਰਾਸਤ 'ਚ : ਡੀਐਸਪੀ ਭੁੱਚੋ

**ਪੰਜਾਬ ਵਿਚ ਦਿਨੋਂ** ਦਿਨ ਲੜਕੀਆਂ 'ਤੇ ਤਸ਼ੱਦਦ ਦੇ ਵੱਧਦੇ ਜਾ ਰਹੇ ਮਾਮਲੇ ਰੁਕਣ ਦਾ ਨਾਮ ਨਹੀ ਲੈ ਰਹੇ ਹਨ। ਬੀਤੇ ਦਿਨ ਬਠਿੰਡਾ ਜ਼ਿਲ੍ਹੇ ਦੀ ਸਬ ਡਵੀਜ਼ਨ ਗੋਨਿਆਣਾ ਮੰਡੀ ਦੇ ਪਿੰਡ ਜੰਡਾਂਵਾਲਾ ਤੋਂ ਇਕ ਨਾਬਾਲਿਗ ਲੜਕੀ ਨੂੰ ਅਗਵਾ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਜਾਣਕਾਰੀ ਮੁਤਾਬਕ ਥਾਣਾ ਨੇਹੀਆਂਵਾਲਾ ਅਧੀਨ ਪੈਂਦੇ ਪਿੰਡ ਜੰਡਾਂਵਾਲਾ ਦੇ ਵਸਨੀਕ ਮੋਗਲ ਸਿੰਘ ਪੁੱਤਰ ਦਰਸ਼ਨ ਸਿੰਘ ਦੀ ਅੱਠਵੀਂ ਜਮਾਤ ਵਿਚ ਪੜ੍ਹਦੀ 14 ਸਾਲਾ ਨਾਬਾਲਿਗ ਲੜਕੀ 23 ਦਸੰਬਰ ਨੂੰ ਬਾਅਦ ਦੁਪਹਿਰ ਤੋਂ ਘਰ ਤੋਂ ਲਾਪਤਾ ਹੈ, ਜਿਸ ਦੇ ਪਰਿਵਾਰ ਵਲੋਂ ਲੜਕੀ ਨੂੰ ਅਗਵਾ ਕਰਨ ਦਾ ਖ਼ਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ। ਥਾਣਾ ਨੇਹੀਆਂਵਾਲਾ ਦੀ ਪੁਲਸ ਨੇ ਲੜਕੀ ਦੇ ਪਿਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ ਤੇ ਸ਼ੱਕ ਦੇ ਅਧਾਰ 'ਤੇ ਕੋਟਕਪੂਰਾ ਦੇ ਪਿੰਡ ਸਿਵੀਆਂ ਦੇ ਇਕ ਨੌਜਵਾਨ ਨੂੰ ਵੀ ਹਿਰਾਸਤ ਵਿਚ ਲਿਆ ਗਿਆ ਹੈ। ਡੀਐਸਪੀ ਭੁੱਚੋ ਬਲਜੀਤ ਸਿੰਘ ਸਿੱਧੂ ਥਾਣਾ ਨੇਹੀਆਂ ਵਾਲਾ ਦੀ ਪੁਲਸ ਅਤੇ ਲੜਕੀ ਦੇ ਮਾਪਿਆਂ ਨਾਲ ਉਕਤ ਫੜੇ ਗਏ ਨੌਜਵਾਨ ਦੀ ਨਿਸ਼ਾਨਦੇਹੀ 'ਤੇ ਥਾਂ-ਥਾਂ 'ਤੇ ਛਾਪੇਮਾਰੀ ਕਰ ਰਹੇ ਹਨ। ਖ਼ਬਰ ਲਿਖੇ ਜਾਣ ਤਕ ਪੁਲਸ ਵਲੋਂ ਮਲੋਟ ਸ਼ਹਿਰ ਵਿਚ ਅਗਵਾ ਹੋਈ ਲੜਕੀ ਦੀ ਭਾਲ ਲਈ ਛਾਪੇਮਾਰੀ ਕੀਤੀ ਜਾ ਰਹੀ ਸੀ। ਇਸ ਸਬੰਧੀ ਡੀਐਸਪੀ ਸਿੱਧੂ ਨੇ ਕਿਹਾ ਕਿ ਦੋਸ਼ੀ ਛੇਤੀ ਹੀ ਪੁਲਸ ਹਿਰਾਸਤ ਵਿਚ ਹੋਣਗੇ।

**26 ਦਸੰਬਰ 2012 ਪੰਜਾਬੀ ਜਾਗਰਣ**



## ਸਿਰਫਿਰੇ ਆਸ਼ਕ ਦੇ ਹਮਲੇ ਦੀ ਸ਼ਿਕਾਰ ਵਿਦਿਆਰਥਣ ਦੀ ਮੌਤ

**ਮੁੰਬਈ (ਏਜੰਸੀ)** : ਇਕ ਸਿਰਫਿਰੇ ਆਸ਼ਕ ਦੀ ਹਿੰਸਾ ਦਾ ਸ਼ਿਕਾਰ ਹੋਈ ਮੈਨੇਜਮੈਂਟ ਦੀ ਵਿਦਿਆਰਥਣ ਨੇ ਹਸਪਤਾਲ 'ਚ ਇਲਾਜ਼ ਦੌਰਾਨ ਦਮ ਤੋੜ ਦਿੱਤਾ। 19 ਸਾਲਾ ਵਿਦਿਆਰਥਣ ਪਿਛਲੇ ਤਿੰਨ ਦਿਨਾਂ ਤੋਂ ਬਾਂਦਰਾ ਦੇ ਇਕ ਹਸਪਤਾਲ 'ਚ ਜ਼ਿੰਦਗੀ ਤੇ ਮੌਤ ਨਾਲ ਜੂਝ ਰਹੀ ਸੀ। ਦੱਸਣਯੋਗ ਹੈ ਕਿ ਵਿਦਿਆਰਥਣ ਦੇ ਸਹਿਪਾਠੀ ਨਿਖਿਲ ਬਾਂਕਰ ਨੇ 22 ਦਸੰਬਰ ਨੂੰ ਸਵੇਰੇ ਕਾਲਜ ਕੰਪਲੈਕਸ 'ਚ ਹੀ ਉਸ 'ਤੇ ਚਾਕੂ ਨਾਲ ਕਈ ਵਾਰ ਕੀਤੇ। ਨਿਖਿਲ ਨੇ ਵੀ ਬਾਅਦ 'ਚ ਆਪਣਾ ਗਲਾ ਵੱਡ ਕੇ ਜਾਨ ਦੇ ਦਿੱਤੀ। ਡੀਸੀਪੀ ਨਾਮਦੇਵ ਚੌਹਾਨ ਮੁਤਾਬਕ ਮ੍ਰਿਤਕ ਨੇ ਕੁਝ ਦਿਨ ਪਹਿਲਾਂ ਨਿਖਿਲ ਨਾਲ ਆਪਣੇ ਸਬੰਧ ਤੋੜ ਲਏ ਸਨ। ਇਸ ਕਾਰਨ ਗੁੱਸੇ 'ਚ ਆਏ ਨਿਖਿਲ ਨੇ ਲੰਘੇ ਸ਼ਨਿੱਚਰਵਾਰ ਕਲਾਸ 'ਚ ਦਾਖਲ ਹੋਣ ਤੋਂ ਪਹਿਲਾਂ ਮ੍ਰਿਤਕਾ ਦਾ ਰਸਤਾ ਰੋਕ ਲਿਆ। ਦੋਵਾਂ 'ਚ ਕਾਫੀ ਬਹਿਸ ਹੋਈ ਤੇ ਇਸ ਤੋਂ ਬਾਅਦ ਨਿਖਿਲ ਨੇ ਆਪਣੇ ਬੈਗ 'ਚੋਂ ਚਾਕੂ ਕੱਢ ਕੇ ਵਿਦਿਆਰਥਣ 'ਤੇ ਕਈ ਵਾਰ ਕੀਤੇ।

**26 ਦਸੰਬਰ 2012 ਪੰਜਾਬੀ ਜਾਗਰਣ**

## ਹੁਣ ਦਿੱਲੀ ਦੇ ਮਾਲ 'ਚ ਲੜਕੀ ਨਾਲ ਛੇੜਛਾੜ, ਤਿੰਨ ਅਧਿਕਾਰੀ ਗ੍ਰਿਫ਼ਤਾਰ

**ਨਵੀਂ ਦਿੱਲੀ (ਏਜੰਸੀ)** : ਗੈਂਗਰੇਪ ਦਾ ਮਾਮਲਾ ਅਜੇ ਸ਼ਾਂਤ ਨਹੀਂ ਹੋਇਆ ਕਿ ਔਰਤਾਂ ਖ਼ਿਲਾਫ਼ ਇਕ ਹੋਰ ਹਾਈ ਪ੍ਰੋਫਾਈਲ ਮਾਮਲਾ ਸਾਹਮਣਾ ਆ ਗਿਆ ਹੈ। ਦੱਖਣੀ ਦਿੱਲੀ ਦੇ ਇਕ ਮਾਲ ਵਿਚ ਕੁੜੀ ਮਾਲ ਛੇੜਛਾੜ ਦੇ ਦੋਸ਼ ਵਿਚ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁਲਜ਼ਮ ਇਕ ਵਿਦੇਸ਼ੀ ਕੰਪਨੀ ਦੇ ਏਰੀਆ ਮੈਨੇਜਰ ਦੱਸੇ ਜਾਂਦੇ ਹਨ। ਦਿੱਲੀ ਦੇ ਸਾਕੇਤ ਇਲਾਕੇ ਵਿਚ ਇਕ ਮਾਲ ਵਿਚ ਸੋਮਵਾਰ ਦੇਰ ਸ਼ਾਮ ਵਾਪਰੀ ਘਟਨਾ 'ਚ ਮਾਲ 'ਚ ਨਸ਼ੇ ਵਿਚ ਟੱਲੀ ਤਿੰਨ ਲੋਕਾਂ ਨੇ ਇਕ ਲੜਕੀ ਨਾਲ ਛੇੜਛਾੜ ਦੀ ਕੋਸ਼ਿਸ਼ ਕੀਤੀ। ਲੜਕੀ ਦੇ ਰੌਲਾ ਪਾਉਣ 'ਤੇ ਆਲੇ-ਦੁਆਲੇ ਖੜ੍ਹੇ ਲੋਕਾਂ ਨੇ ਉਨ੍ਹਾਂ ਨੂੰ ਫੜ੍ਹ ਲਿਆ। ਤਿੰਨੇ ਕੌਮਾਂਤਰੀ ਕੰਪਨੀ ਦੇ ਅਧਿਕਾਰੀ ਦੱਸੇ ਜਾਂਦੇ ਹਨ। ਪੁਲਸ ਨੇ ਤਿੰਨਾਂ ਨੂੰ ਗ੍ਰਿਫ਼ਤਾਰ ਕਰ ਲਿਆ।

## ਕਰਨਾਟਕ 'ਚ ਨਾਬਾਲਗ ਨਾਲ ਬਲਾਤਕਾਰ

**ਬੰਗਲੌਰ (ਏਜੰਸੀ)** : ਦਿੱਲੀ ਗੈਂਗਰੇਪ ਨੂੰ ਲੈ ਕੇ ਭਾਵੇਂ ਸਾਰਾ ਦੇਸ਼ ਗੁੱਸੇ 'ਚ ਹੈ ਪਰ ਔਰਤਾਂ ਨਾਲ ਧੱਕੇਸ਼ਾਹੀ ਦੇ ਮਾਮਲੇ ਰੁਕਣ ਦਾ ਨਾਂਅ ਨਹੀਂ ਲੈ ਰਹੇ। ਕਰਨਾਟਕਾ 'ਚ ਸਮੂਹਿਕ ਬਲਾਤਕਾਰ ਪਿੱਛੋਂ ਗਰਭਵਤੀ ਦੀ ਹੱਤਿਆ ਦੇ ਦੋਸ਼ੀਆਂ ਨੂੰ ਪੁਲਸ ਅਜੇ ਲੱਭ ਹੀ ਰਹੀ ਹੈ ਕਿ ਇਕ ਨਾਬਾਲਗ ਨਾਲ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਘਟਨਾ ਦੋ ਦਿਨ ਪਹਿਲਾਂ ਦੀ ਹੈ। ਗੁਲਬਰਗ ਦੀ ਚਿੰਚੋਲੀ ਤਹਿਸੀਲ ਦੇ ਏਨੋਲੀ ਪਿੰਡ 'ਚ ਕੁਝ ਅਣਪਛਾਤੇ ਲੋਕਾਂ ਨੇ 11 ਸਾਲਾ ਬੱਚੀ ਨਾਲ ਖੇਤ 'ਚ ਬਲਾਤਕਾਰ ਕੀਤਾ। ਲੜਕੀ ਦੇ ਮਾਪੇ ਰਿਪੋਰਟ ਦਰਜ ਕਰਵਾਉਣ ਲਈ ਥਾਣੇ ਗਏ ਤਾਂ ਉਥੇ ਉਨ੍ਹਾਂ ਦੀ ਕਿਸੇ ਨੇ ਨਹੀਂ ਸੁਣੀ। ਚਿੰਚੋਲੀ ਦੀ ਬਾਲ ਕਲਿਆਣ ਕਮੇਟੀ ਦੇ ਦਖਲ ਤੋਂ ਬਾਅਦ ਪੁਲਸ ਨੇ ਮਾਮਲਾ ਦਰਜ ਕੀਤਾ। ਪੀੜਤ ਬੱਚੀ ਦਾ ਮਹਾਂਰਾਸ਼ਟਰ ਦੇ ਸੋਲਾਪੁਰ ਸਥਿਤ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ। ਇਸ ਤੋਂ ਪਹਿਲਾਂ ਤੁਮਕੁਰ ਜਿਲ੍ਹੇ 'ਚ ਪਿਛਲੇ ਹਫਤੇ ਇਕ ਗਰਭਵਤੀ ਔਰਤ ਦੀ ਸਮੂਹਿਕ ਬਲਾਤਕਾਰ ਪਿੱਛੋਂ ਹੱਤਿਆ ਕਰ ਦਿੱਤੀ ਗਈ ਸੀ। ਮਾਮਲੇ 'ਚ ਤਿੰਨ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜ਼ਮਾਂ ਨੇ ਨਗਮਾ ਨਾਲ ਬਲਾਤਕਾਰ ਦੀ ਗੱਲ ਮੰਨ ਲਈ ਹੈ।

**26 ਦਸੰਬਰ 2012 ਪੰਜਾਬੀ ਜਾਗਰਣ**



# गैंगरेप की शिकार महिला की झुलसी बच्ची ने दम तोड़ा

- सागर से भोपाल लाते समय रास्ते में ही मौत
- पिता ने वापस ले जाने की गुहार लगाई, लेकिन कंपाउंडर उन्हें हमीदिया में छोड़कर चला गया

**नगर संवाददाता | भोपाल/सागर.** सागर जिला अस्पताल में गैंगरेप की शिकार महिला की झुलसी बच्ची की मंगलवार को सागर से भोपाल लाते वक्त एंबुलेंस में मौत हो गई। बच्ची का पिता कंपाउंडर और एंबुलेंस के ड्राइवर से वापस सागर चलने की गुहार लगाता रहा, लेकिन दोनों नहीं माने और उन्हें हमीदिया छोड़कर चले गए।

बच्ची के पिता ने एंबुलेंस स्टाफ की शिकायत हमीदिया अस्पताल की पुलिस चौकी में की है। उसने बताया कि झुलसने के कारण बच्ची के शरीर में संक्रमण बढ़ गया था। इस कारण डॉक्टरों ने उसे हमीदिया रैफर किया था। उसने बताया कि रैफर करते वक्त सीएमएचओ सागर से रास्ते में बच्ची के इलाज के लिए एक डॉक्टर भेजने की मांग की थी, लेकिन उन्होंने एंबुलेंस में सिर्फ कंपाउंडर भेजा।

शेष | पेज 9 पर

**26 ਦਸੰਬਰ 2012 ਭਾਸਕਰ**



# ਹੁਸ਼ਿਆਰਪੁਰ 'ਚ 12ਵੀਂ ਜਮਾਤ ਦੀ ਕੁੜੀ ਅਗ਼ਵਾ

**ਹੁਸ਼ਿਆਰਪੁਰ, 26 ਦਸੰਬਰ (ਸੈਣੀ) :** ਪੁਲਿਸ ਨੇ 12ਵੀਂ ਜਮਾਤ ਦੀ ਇਕ ਵਿਦਿਆਰਥਣ ਨੂੰ ਵਿਆਹ ਕਰਵਾਉਣ ਦਾ ਝਾਂਸਾ ਦੇ ਕੇ ਅਗ਼ਵਾ ਕਰਨ ਦੇ ਦੋਸ਼ ਵਿਚ ਇਕ ਨੌਜਵਾਨ 'ਤੇ ਪਰਚਾ ਦਰਜ ਕੀਤਾ ਹੈ। ਜ਼ਿਲ੍ਹੇ ਦੇ ਕੰਧਾਲਾ ਜੱਟਾਂ ਪਿੰਡ ਦੇ ਗਗਨਦੀਪ 'ਤੇ ਲੜਕੀ ਨੂੰ ਅਗ਼ਵਾ ਕਰਨ ਦੇ ਦੋਸ਼ ਹੇਠ ਆਈ.ਪੀ.ਸੀ. ਦੀਆਂ ਵੱਖ-ਵੱਖ ਧਾਰਾਵਾਂ ਹੇਠ ਇਹ ਪਰਚਾ ਦਰਜ ਕੀਤਾ ਗਿਆ ਹੈ। ਪੁਲਿਸ ਨੇ ਦਸਿਆ ਕਿ ਪੰਡੋਰੀ ਜਾਵਾਂ ਪਿੰਡ ਤੋਂ ਅਗ਼ਵਾ ਹੋਈ ਕੁੜੀ ਅਜੇ ਵੀ ਲਾਪਤਾ ਹੈ। ਪੁਲਿਸ ਨੂੰ ਦਿਤੀ ਸ਼ਿਕਾਇਤ ਵਿਚ ਲੜਕੀ ਦੇ ਚਾਚੇ ਕੁਲਵਿੰਦਰ ਸਿੰਘ ਨੇ ਦਸਿਆ ਕਿ ਬੀਤੀ 20 ਦਸੰਬਰ ਨੂੰ ਲੜਕੀ ਨਾਲ ਵਿਆਹ ਕਰਵਾਉਣ ਦੇ ਇਰਾਦੇ ਨਾਲ ਗਗਨਦੀਪ ਉਸ ਨੂੰ ਅਗ਼ਵਾ ਕਰ ਕੇ ਲੈ ਗਿਆ। ਉਸ ਨੇ ਦਸਿਆ ਕਿ ਉਹ ਸਵੇਰੇ 9 ਵਜੇ ਸਕੂਲ ਲਈ ਨਿਕਲੀ ਸੀ ਪਰ ਘਰ ਨਹੀਂ ਪਰਤੀ। ਪੁਲਿਸ ਨੇ ਦੋਸ਼ੀਆਂ ਨੂੰ ਕਾਬੂ ਕਰਨ ਲਈ ਕਾਰਵਾਈ ਸ਼ੁਰੂ ਕਰ ਦਿਤੀ ਹੈ।

**27 ਦਸੰਬਰ 2012 ਰੋਜ਼ਾਨਾ ਸਪੋਕਸਮੈਨ**



ਜਲੰਧਰ 27 ਦਸੰਬਰ, 2012
www.punjabijagran.com
5

# 2 ਸਕੀਆਂ ਭੈਣਾਂ ਘਰੋਂ ਲਾਪਤਾ

**ਪੁਲਸ ਕਾਰਵਾਈ**

- ਪੁਲਸ ਨੇ ਅਗਵਾ ਦਾ ਪਰਚਾ ਦਰਜ ਕਰਕੇ ਜਾਂਚ ਕੀਤੀ ਸ਼ੁਰੂ

**ਜਾਗਰਣ ਪ੍ਰਤੀਨਿਧ, ਬਰਨਾਲਾ** : ਥਾਣਾ ਟੱਲੇਵਾਲ ਤਹਿਤ ਪੈਂਦੇ ਪਿੰਡ ਦੀਵਾਨਾ ਦੀਆਂ ਦੋ ਸਕੀਆਂ ਭੈਣਾਂ ਸੋਮਵਾਰ-ਮੰਗਲਵਾਰ ਦੀ ਅੱਧੀ ਰਾਤ ਨੂੰ ਅਚਾਨਕ ਘਰੋਂ ਲਾਪਤਾ ਹੋ ਗਈਆਂ। ਪੁਲਸ ਨੇ ਲਾਪਤਾ ਲੜਕੀਆਂ ਦੇ ਪਿਤਾ ਦੀ ਸ਼ਿਕਾਇਤ 'ਤੇ ਅਣਪਛਾਤੇ ਦੋਸ਼ੀਆਂ ਖ਼ਿਲਾਫ਼ ਵਿਆਹ ਦਾ ਝਾਂਸਾ ਦੇ ਕੇ ਅਗਵਾ ਕਰਕੇ ਲਿਜਾਣ ਦੇ ਜੁਰਮ ਵਿਚ ਕੇਸ ਦਰਜ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਹਾਲੇ ਤਕ ਪੁਲਸ ਨੂੰ ਲਾਪਤਾ ਲੜਕੀਆਂ ਬਾਰੇ ਕੋਈ ਸੁਰਾਗ ਨਹੀਂ ਲੱਗਾ। ਥਾਣਾ ਮੁਖੀ ਇੰਸਪੈਕਟਰ ਰਾਜੇਸ਼ ਸਨੇਹੀ ਨੇ ਬੁੱਧਵਾਰ ਸ਼ਾਮ ਦੱਸਿਆ ਕਿ ਪਿੰਡ ਦੀਵਾਨਾ ਦੇ ਵਾਸੀ ਹਾਕਮ ਸਿੰਘ ਪੁੱਤਰ ਨਾਹਰ ਸਿੰਘ ਨੇ ਥਾਣੇ ਵਿਚ ਸ਼ਿਕਾਇਤ ਦੇ ਕੇ ਦੱਸਿਆ ਕਿ ਉਸ ਦੀਆਂ ਦੋ ਲੜਕੀਆਂ ਅਮਨਦੀਪ ਕੌਰ (24) ਤੇ ਮਨਪ੍ਰੀਤ ਕੌਰ (23) ਨੂੰ ਕੋਈ ਵਿਅਕਤੀ ਸੋਮਵਾਰ-ਮੰਗਲਵਾਰ ਦੀ ਅੱਧੀ ਰਾਤ ਨੂੰ ਭਜਾ ਕੇ ਲੈ ਗਿਆ। ਇਸ ਗੱਲ ਦਾ ਪਤਾ ਉਨ੍ਹਾਂ ਨੂੰ ਮੰਗਲਵਾਰ ਸਵੇਰੇ ਲੱਗਾ ਜਦੋਂ ਦੋਵੇਂ ਭੈਣਾਂ ਘਰ ਵਿਚ ਮੌਜੂਦ ਨਹੀ ਸਨ। ਪਹਿਲਾਂ ਤਾਂ ਉਹ ਆਪਣੇ ਪੱਧਰ 'ਤੇ ਉਨ੍ਹਾਂ ਦੀ ਭਾਲ ਕਰਦੇ ਰਹੇ, ਪ੍ਰੰਤੂ ਜਦੋਂ ਉਨ੍ਹਾਂ ਨੂੰ ਲੜਕੀਆਂ ਬਾਰੇ ਕੁਝ ਪਤਾ ਨਾ ਲੱਗਾ ਤਾਂ ਉਨ੍ਹਾਂ ਨੂੰ ਸ਼ੱਕ ਹੋਇਆ ਕਿ ਕੋਈ ਵਿਅਕਤੀ ਉਨ੍ਹਾਂ ਦੀਆਂ ਲੜਕੀਆਂ ਨੂੰ ਵਿਆਹ ਦਾ ਝਾਂਸਾ ਦੇ ਕੇ ਅਗਵਾ ਕਰਕੇ ਲੈ ਗਿਆ ਹੈ।

ਇੰਸਪੈਕਟਰ ਸਨੇਹੀ ਨੇ ਕਿਹਾ ਕਿ ਪੁਲਸ ਨੇ ਹਾਕਮ ਸਿੰਘ ਦੇ ਬਿਆਨ 'ਤੇ ਅਣਪਛਾਤੇ ਦੋਸ਼ੀਆਂ ਖ਼ਿਲਾਫ਼ ਪਰਚਾ ਦਰਜ ਕਰਕੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ।

ਓਧਰ ਜ਼ਿਲ੍ਹਾ ਪੁਲਸ ਮੁਖੀ ਸਨੇਹ ਦੀਪ ਸ਼ਰਮਾ ਨੇ ਕਿਹਾ ਕਿ ਪੁਲਸ ਨੂੰ ਜਾਂਚ ਦੌਰਾਨ ਕੁਝ ਅਹਿਮ ਸੁਰਾਗ ਹੱਥ ਲੱਗੇ ਹਨ, ਜਿਸ ਦੇ ਅਧਾਰ 'ਤੇ ਲਾਪਤਾ ਲੜਕੀਆਂ ਤੇ ਉਨ੍ਹਾਂ ਨੂੰ ਲਿਜਾਣ ਵਾਲੇ ਦੋਸ਼ੀਆਂ ਦੀ ਭਾਲ ਵਿਚ ਛਾਪੇਮਾਰੀ ਸ਼ੁਰੂ ਕੀਤੀ ਜਾ ਰਹੀ ਹੈ। ਉਮੀਦ ਹੈ ਕਿ ਜਲਦ ਹੀ ਪੂਰੇ ਮਾਮਲੇ ਦਾ ਖੁਲਾਸਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਵਿਚ ਇਹ ਮਾਮਲਾ ਪ੍ਰੇਮ ਸਬੰਧਾਂ ਦਾ ਹੀ ਲੱਗਦਾ ਹੈ।

**27 ਦਸੰਬਰ 2012 ਪੰਜਾਬੀ ਜਾਗਰਣ**

# 42 ਸਾਲਾ ਔਰਤ ਨਾਲ ਸਮੂਹਕ ਬਲਾਤਕਾਰ, ਦਖਣੀ ਦਿੱਲੀ 'ਚ ਸੁੱਟੀ

**ਨਵੀਂ ਦਿੱਲੀ**, 27 **ਦਸੰਬਰ**: ਦਿੱਲੀ 'ਚ ਸਮੂਹਕ ਬਲਾਤਕਾਰ ਦਾ ਇਕ ਹੋਰ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਮੁਤਾਬਕ ਵਰਿੰਦਾਬਨ ਤੋਂ ਮੁੜ ਰਹੀ ਔਰਤ ਨਾਲ ਸਮੂਹਕ ਬਲਾਤਕਾਰ ਕਰ ਕੇ ਉਸ ਨੂੰ ਦਿੱਲੀ 'ਚ ਸੁੱਟ ਦਿਤਾ ਗਿਆ। ਜਾਣਕਾਰੀ ਮੁਤਾਬਕ ਉਤਰ ਪ੍ਰਦੇਸ਼ 'ਚ ਤਿੰਨ ਨੌਜਵਾਨਾਂ ਨੇ 42 ਸਾਲਾ ਔਰਤ ਨਾਲ ਬਲਾਤਕਾਰ ਕੀਤਾ ਅਤੇ ਉਸ ਨੂੰ ਦਖਣੀ-ਪੂਰਬੀ ਦਿੱਲੀ 'ਚ ਲਿਆ ਕੇ ਸੁੱਟ ਦਿਤਾ। ਪੁਲਿਸ ਨੇ ਦਸਿਆ ਕਿ ਜੈਪੁਰ ਦੀ ਰਹਿਣ ਵਾਲੀ ਇਸ ਔਰਤ ਨਾਲ ਵਰਿੰਦਾਬਨ 'ਚ ਕਿਸੇ ਥਾਂ ਬਲਾਤਕਾਰ ਕੀਤਾ ਗਿਆ। ਇਹ ਮਾਮਲਾ ਬੁੱਧਵਾਰ ਰਾਤ ਨੂੰ ਉਦੋਂ ਸਾਹਮਣੇ ਆਇਆ ਜਦ ਕਿਸੇ ਰਾਹਗੀਰ ਨੇ ਔਰਤ ਨੂੰ ਸੜਕ 'ਤੇ ਪਈ ਨੂੰ ਦੇਖਿਆ। ਪੀੜਤ ਔਰਤ 22 ਦਸੰਬਰ ਨੂੰ ਵਰਿੰਦਾਬਨ ਗਈ ਸੀ ਅਤੇ ਬੁੱਧਵਾਰ ਨੂੰ ਘਰ ਮੁੜ ਰਹੀ ਸੀ। ਉਥੇ ਉਸ ਦੀ ਮੁਲਾਕਾਤ ਦਲੀਪ ਵਰਮਾ ਨਾਂ ਦੇ ਵਿਅਕਤੀ ਨਾਲ ਹੋਈ ਅਤੇ ਦੋਵੇਂ ਕਾਰ 'ਚ ਸਵਾਰ ਹੋ ਕੇ ਅਪਣੇ ਸ਼ਹਿਰ ਨੂੰ ਚੱਲ ਪਏ। ਰਸਤੇ 'ਚ ਵਰਮਾ ਦੇ ਦੋ ਦੋਸਤ ਵੀ ਕਾਰ 'ਚ ਬੈਠ ਗਏ। ਪੁਲਿਸ ਅਧਿਕਾਰੀ ਨੇ ਦਸਿਆ ਕਿ ਔਰਤ ਨੇ ਦਸਿਆ ਹੈ ਕਿ ਉਸ ਨੂੰ ਬੰਨ੍ਹ ਕੇ ਬੇਹੋਸ਼ ਕਰ ਦਿਤਾ ਗਿਆ ਅਤੇ ਫਿਰ ਉਸ ਨਾਲ ਬਲਾਤਾਕਾਰ ਕੀਤਾ ਗਿਆ। ਪੁਲਿਸ ਨੇ ਦਲੀਪ ਵਰਮਾ ਨੂੰ ਹਿਰਾਸਤ ਵਿਚ ਲੈ ਲਿਆ ਹੈ।

**ਆਦਿਵਾਸੀ ਕੁੜੀ ਨਾਲ 15 ਜਣੇ 12 ਦਿਨ ਖੇਹ ਖਾਂਦੇ ਰਹੇ**: ਇੰਦੌਰ ਲਾਗੇ ਪੈਂਦੇ ਪਿੰਡ 'ਚ ਨਾਬਾਲਗ ਆਦਿਵਾਸੀ ਕੁੜੀ ਨੂੰ ਅਗ਼ਵਾ ਕਰ ਕੇ ਉਸ ਨਾਲ ਸਮੂਹਕ ਬਲਾਤਕਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। 17 ਸਾਲਾ ਕੁੜੀ ਨੂੰ 12 ਦਸੰਬਰ ਨੂੰ ਅਗ਼ਵਾ ਕੀਤਾ ਗਿਆ ਸੀ। ਪੁਲਿਸ ਨੇ ਦਸਿਆ ਕਿ ਕੁੜੀ ਨਾਲ 15 ਜਣਿਆਂ ਨੇ 12 ਦਿਨ ਤਕ ਬਲਾਤਕਾਰ ਕੀਤਾ। ਇਸ ਮਾਮਲੇ 'ਚ ਖਰਗੌਨ ਜ਼ਿਲ੍ਹੇ ਦੇ ਖੇੜਾ ਪਿੰਡ ਦੇ ਵਾਸੀ ਕਾਸ਼ੀਰਾਮ ਵਿਰੁਧ ਮਾਮਲਾ ਦਰਜ ਕੀਤਾ ਗਿਆ ਹੈ। (ਏਜੰਸੀ)

**28 ਦਸੰਬਰ 2012 ਰੋਜ਼ਾਨਾ ਸਪੋਕਸਮੈਨ**

# ਪਟਿਆਲਾ ਵਿਚ ਸਮੂਹਕ ਬਲਾਤਕਾਰ ਦਾ ਸ਼ਿਕਾਰ ਲੜਕੀ ਵਲੋਂ ਆਤਮ-ਹਤਿਆ

## ਇਕ ਮਹੀਨੇ ਤੋਂ ਪੱਤ ਲੁਟਣ ਵਾਲਿਆਂ ਨੂੰ ਅੱਖਾਂ ਸਾਹਮਣੇ ਘੁੰਮਦਾ ਬਰਦਾਸ਼ਤ ਕਰ ਰਹੀ ਸੀ

ਪਟਿਆਲਾ, 27 ਦਸੰਬਰ (ਜਤਿੰਦਰ ਸਿੰਘ ਤਰੈਂ) : ਪੁਲਿਸ ਦੀ ਲਾਪ੍ਰਵਾਹੀ ਕਾਰਨ ਸਮੂਹਕ ਬਲਾਤਕਾਰ ਦਾ ਸ਼ਿਕਾਰ ਇਕ ਲੜਕੀ ਨੇ ਅਖ਼ੀਰ ਆਤਮ-ਹਤਿਆ ਕਰ ਲਈ। ਜਾਣਕਾਰੀ ਮੁਤਾਬਕ 13 ਨਵੰਬਰ 2012 ਨੂੰ ਦਿਵਾਲੀ ਵਾਲੇ ਦਿਨ ਪਿੰਡ ਬਾਦਸ਼ਾਹਪੁਰ ਦੀ 18 ਸਾਲਾ ਲੜਕੀ ਪਰਮਜੀਤ ਕੌਰ ਪੁੱਤਰੀ ਸ. ਕੁਲਵੰਤ ਸਿੰਘ ਨੂੰ ਪਿੰਡ ਦੇ ਹੀ ਦੋ ਵਿਅਕਤੀਆਂ ਬਲਵਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਨੇ ਇਕ ਔਰਤ ਸ਼ਿੰਦਰਪਾਲ ਕੌਰ ਦੀ ਮਿਲੀਭੁਗਤ ਨਾਲ ਅਗ਼ਵਾ ਕਰ ਲਿਆ। ਇਸ ਪਿੱਛੋਂ ਸੰਦੀਪ ਸਿੰਘ ਨਾਂ ਦੇ ਵਿਅਕਤੀ ਦੀ ਮੋਟਰ 'ਤੇ ਲੜਕੀ ਨਾਲ ਸਮੂਹਕ ਬਲਾਤਕਾਰ ਕੀਤਾ ਗਿਆ। ਜਦ ਪੁਲਿਸ ਨੇ ਬਲਾਤਕਾਰੀਆਂ ਨੂੰ ਗ੍ਰਿਫ਼ਤਾਰ ਨਾ ਕੀਤਾ ਅਤੇ ਬਲਾਤਕਾਰੀ ਲੜਕੀ ਨੂੰ ਅਤੇ ਉਸ ਦੇ ਪ੍ਰਵਾਰ ਨੂੰ ਡਰਾਉਣ ਲੱਗੇ ਤਾਂ ਮਜਬੂਰੀ ਵੱਸ ਉਸ ਨੂੰ ਆਤਮ-ਹਤਿਆ ਕਰਨੀ ਪਈ। ਇਥੇ ਇਕ ਪ੍ਰੈੱਸ ਕਾਨਫ਼ਰੰਸ ਵਿਚ ਆਈ.ਜੀ. ਪਟਿਆਲਾ ਸ. ਪਰਮਜੀਤ ਸਿੰਘ ਗਿੱਲ ਨੇ ਦਸਿਆ ਕਿ ਪੀੜਤ ਲੜਕੀ ਵਲੋਂ ਇਸ ਦੀ ਸ਼ਿਕਾਇਤ ਕੀਤੇ ਜਾਣ ਤੋਂ ਕਰੀਬ ਦੋ ਹਫ਼ਤੇ ਬਾਅਦ ਘੱਗਾ ਪੁਲਿਸ ਨੇ ਮਿਤੀ 27 ਨਵੰਬਰ ਨੂੰ ਆਰੋਪੀਆਂ ਵਿਰੁਧ ਧਾਰਾ 363, 376 ਅਤੇ 34 ਆਈ.ਪੀ.ਸੀ ਤਹਿਤ ਪਰਚਾ ਦਰਜ ਕੀਤਾ ਪਰ ਉੱਚ ਪੁਲਿਸ ਅਧਿਕਾਰੀਆਂ ਨੂੰ ਸੂਚਿਤ ਨਾ ਕੀਤਾ। ਉਨ੍ਹਾਂ ਦਸਿਆ ਕਿ ਘੱਗਾ ਪੁਲਿਸ ਨੇ ਕੇਸ ਦਰਜ ਕਰਨ ਤੋਂ ਬਾਅਦ ਵੀ ਆਰੋਪੀਆਂ ਨੂੰ ਗ੍ਰਿਫ਼ਤਾਰ ਨਾ ਕੀਤਾ ਜਿਸ ਤੋਂ ਬਾਅਦ ਪੀੜਤ ਲੜਕੀ ਨੇ ਮਿਤੀ 26 ਦਸੰਬਰ ਨੂੰ ਆਤਮ-ਹਤਿਆ ਕਰ ਲਈ। ਸ. ਗਿੱਲ ਨੇ ਕਿਹਾ ਕਿ ਪਰਮਜੀਤ ਕੌਰ ਵਲੋਂ ਲਿਖੇ ਗਏ ਖ਼ੁਦਕੁਸ਼ੀ ਨੋਟ ਵਿਚ ਉਸ ਨੇ ਅਪਣੀ ਮੌਤ ਲਈ ਬਲਵਿੰਦਰ ਸਿੰਘ, ਗੁਰਪ੍ਰੀਤ ਸਿੰਘ ਅਤੇ ਸ਼ਿੰਦਰਪਾਲ ਕੌਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਪੁਲਿਸ ਨੇ ਧਾਰਾ 311 ਤਹਿਤ ਤੁਰਤ ਕਾਰਵਾਈ ਕਰਦਿਆਂ ਹੋਏ ਘੱਗਾ ਦੇ ਥਾਣਾ ਮੁਖੀ ਐਸ.ਆਈ. ਗੁਰਚਰਨ ਸਿੰਘ ਨੂੰ ਤੁਰਤ ਨੌਕਰੀ ਤੋਂ ਬਰਤਰਫ਼ ਕਰ ਦਿਤਾ ਅਤੇ ਪੁਲਿਸ ਨੇ ਧਾਰਾ 306 ਤਹਿਤ ਇਕ ਹੋਰ ਪਰਚਾ ਦਰਜ ਕਰ ਕੇ ਤਿੰਨੇ ਆਰੋਪੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਦਸਿਆ ਕਿ ਜਿਸ ਵਿਅਕਤੀ ਸੰਦੀਪ ਸਿੰਘ ਦੀ ਮੋਟਰ 'ਤੇ ਬਲਾਤਕਾਰ ਦੀ ਘਟਨਾ ਨੂੰ ਅੰਜਾਮ ਦਿਤਾ ਗਿਆ, ਦੀ ਇਸ ਮਾਮਲੇ ਵਿਚ ਸ਼ਮੂਲੀਅਤ ਬਾਰੇ ਜਾਂਚ ਕੀਤੀ ਜਾ ਰਹੀ ਹੈ ਅਤੇ ਦੋਸ਼ੀ ਪਾਏ ਜਾਣ ਦੀ ਸੂਰਤ ਵਿਚ ਉਸ ਵਿਰੁਧ ਵੀ ਕਾਰਵਾਈ ਕੀਤੀ ਜਾਵੇਗੀ। ਜਾਣਕਾਰੀ ਮੁਤਾਬਕ ਸਬੰਧਤ ਥਾਣੇ ਦੇ ਅਧਿਕਾਰੀ ਲੜਕੀ ਨੂੰ ਰਾਜ਼ੀਨਾਮੇ ਕਰਨ ਲਈ ਦਬਾਅ ਪਾ ਰਹੇ ਸਨ। ਲੜਕੀ ਨਾਲ ਬਲਾਤਕਾਰ ਕਰਨ ਵਾਲੇ ਮੁਲਜ਼ਮ ਸ਼ਰੇਆਮ ਉਸ ਦੀਆਂ ਅੱਖਾਂ ਸਾਹਮਣੇ ਘੁੰਮਦੇ ਰਹੇ ਅਤੇ ਨਾਲ ਹੀ ਉਸ ਦੇ ਪ੍ਰਵਾਰ ਨੂੰ ਡਰਾਉਂਦੇ-ਧਮਕਾਉਂਦੇ ਰਹੇ। ਇਸ ਕਾਰਨ ਪੀੜਿਤ ਲੜਕੀ ਨੂੰ ਆਤਮ-ਹਤਿਆ ਲਈ ਮਜਬੂਰ ਹੋਣਾ ਪਿਆ। ਸ. ਗਿੱਲ ਨੇ ਦਸਿਆ ਕਿ ਇਨ੍ਹਾਂ ਦੁਹਾਂ ਮਾਮਲਿਆਂ ਦੀ ਜਾਂਚ ਲਈ ਐਸ.ਪੀ (ਡੀ) ਸ. ਪ੍ਰਿਤਪਾਲ ਸਿੰਘ ਥਿੰਦ ਨੂੰ ਜਾਂਚ ਅਧਿਕਾਰੀ ਬਣਾਇਆ ਗਿਆ ਹੈ ਜਿਨ੍ਹਾਂ ਵਲੋਂ ਹਫ਼ਤੇ ਦੇ ਅੰਦਰ-ਅੰਦਰ ਇਸ ਦੀ ਵਿਸਥਾਰਤ ਰੀਪੋਰਟ ਉਨ੍ਹਾਂ ਨੂੰ ਸੌਂਪੀ ਜਾਵੇਗੀ। ਇਸ ਮੌਕੇ ਐਸ.ਐਸ.ਪੀ ਪਟਿਆਲਾ ਸ. ਗੁਰਪ੍ਰੀਤ ਸਿੰਘ ਗਿੱਲ ਅਤੇ ਐਸ.ਪੀ (ਡੀ) ਸ. ਪ੍ਰਿਤਪਾਲ ਸਿੰਘ ਥਿੰਦ ਵੀ ਹਾਜ਼ਰ ਸਨ।



ਆਈ.ਜੀ.ਪਟਿਆਲਾ ਜ਼ੋਨ ਪਰਮਜੀਤ ਸਿੰਘ ਗਿੱਲ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ। ਉਨ੍ਹਾਂ ਨਾਲ ਹਨ ਐਸ.ਐਸ.ਪੀ. ਗੁਰਪ੍ਰੀਤ ਸਿੰਘ ਗਿੱਲ ਅਤੇ ਐਸ.ਪੀ.ਡੀ. ਪ੍ਰਿਤਪਾਲ ਸਿੰਘ ਥਿੰਦ। (ਅਤੁੱਲ ਵਰਮਾ)

## ਡੀ.ਐਸ.ਪੀ ਮੁਅੱਤਲ, ਐਸ.ਐਚ.ਓ. ਤੇ ਏ.ਐਸ.ਆਈ ਬਰਖ਼ਾਸਤ

**ਆਈ.ਜੀ. ਪਟਿਆਲਾ ਨੂੰ ਹਫ਼ਤੇ ਵਿਚ ਜਾਂਚ ਰੀਪੋਰਟ ਪੇਸ਼ ਕਰਨ ਦੇ ਹੁਕਮ**

ਚੰਡੀਗੜ੍ਹ, 27 ਦਸੰਬਰ (ਗੁਰਪ੍ਰੀਤ ਸਿੰਘ ਮਹਿਕ) : ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਪੰਜਾਬ ਪੁਲਿਸ ਮੁਖੀ ਸ੍ਰੀ ਸੁਮੇਧ ਸਿੰਘ ਨੂੰ ਆਖਿਆ ਹੈ ਕਿ ਪਟਿਆਲਾ ਜ਼ਿਲ੍ਹੇ ਦੇ ਪਿੰਡ ਬਾਦਸ਼ਾਹਪੁਰ ਦੀ ਲੜਕੀ ਨਾਲ ਸਮੂਹਕ ਬਲਾਤਕਾਰ ਕੀਤੇ ਜਾਣ ਦੇ ਮਾਮਲੇ ਦੀ ਜਾਂਚ ਅਤੇ ਦੋਸ਼ੀਆਂ ਵਿਰੁਧ ਕਾਰਵਾਈ ਕਰਨ ਵਿਚ ਅਸਫ਼ਲ ਰਹੇ ਪੁਲਿਸ ਅਫ਼ਸਰਾਂ ਵਿਰੁਧ ਤੁਰਤ ਅਤੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਪਟਿਆਲਾ ਜ਼ੋਨ ਦੇ ਆਈ.ਜੀ. ਸ. ਪਰਮਜੀਤ ਸਿੰਘ ਗਿੱਲ ਨੂੰ ਆਖਿਆ ਹੈ ਕਿ ਉਹ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰਨ ਅਤੇ ਲਾਪ੍ਰਵਾਹੀ ਵਰਤਣ ਵਾਲੇ ਪੁਲਿਸ ਅਫਸਰਾਂ ਦੀ ਜ਼ਿੰਮੇਵਾਰੀ ਤੈਅ ਕਰਨ ਤੇ ਇਸ ਦੀ ਰੀਪੋਰਟ ਇਕ ਹਫ਼ਤੇ ਦੇ ਅੰਦਰ-ਅੰਦਰ ਪੇਸ਼ ਕੀਤੀ ਜਾਵੇ। ਮਾਮਲੇ ਦੀ ਮੁਢਲੀ ਜਾਂਚ ਦੇ ਆਧਾਰ 'ਤੇ ਸ. ਬਾਦਲ ਨੇ ਡੀ.ਜੀ.ਪੀ ਨੂੰ ਆਖਿਆ ਕਿ ਉਹ ਡੀ.ਐਸ.ਪੀ ਪਾਤੜਾਂ ਸ. ਹਰਪ੍ਰੀਤ ਸਿੰਘ ਨੂੰ ਤੁਰਤ ਮੁਅੱਤਲ ਕਰਨ ਅਤੇ ਐਸ.ਐਚ.ਓ ਘੱਗਾ ਸ. ਗੁਰਚਰਨ ਸਿੰਘ ਤੇ ਜਾਂਚ ਅਫ਼ਸਰ ਏ.ਐਸ.ਆਈ ਨਸੀਬ ਸਿੰਘ ਨੂੰ ਤੁਰਤ ਸੇਵਾਵਾਂ ਤੋਂ ਬਰਖ਼ਾਸਤ ਕਰਨ।

**28 ਦਸੰਬਰ 2012 ਰੋਜ਼ਾਨਾ ਸਪੋਕਸਮੈਨ**

## ਫੈਸ਼ਨ ਡਿਜ਼ਾਇਨਿੰਗ ਦੀ ਵਿਦਿਆਰਥਣ ਨਾਲ ਬਲਾਤਕਾਰ, ਦੋਵੇਂ ਦੋਸ਼ੀ ਗ੍ਰਿਫ਼ਤਾਰ

**ਪੱਤਰ ਪ੍ਰੇਰਕ, ਜਗਰਾਓਂ** : ਫੈਸ਼ਨ ਡਿਜ਼ਾਇਨਿੰਗ ਦਾ ਕੋਰਸ ਕਰ ਰਹੀ ਇਕ ਵਿਦਿਆਰਥਣ ਨਾਲ ਉਸਦੇ ਪਿੰਡ ਦੇ ਦੋ ਨੌਜਵਾਨਾਂ ਨੇ ਬੇਹੋਸ਼ ਕਰਕੇ ਵਾਰੀ -ਵਾਰੀ ਬਲਾਤਕਾਰ ਕੀਤਾ । ਪੁਲਸ ਨੇ ਇਸ ਮਾਮਲੇ 'ਚ ਦੋਵੇਂ ਦੋਸ਼ੀਆ ਖ਼ਿਲਾਫ਼ ਮੁਕੱਦਮਾ ਦਰਜ ਕਰਕੇ ਇਕ ਨੂੰ ਬੁੱਧਵਾਰ ਰਾਤ ਅਤੇ ਦੂਜੇ ਨੂੰ ਵੀਰਵਾਰ ਦੁਪਹਿਰੇ ਕਾਬੂ ਕਰ ਲਿਆ। ਜਾਣਕਾਰੀ ਅਨੁਸਾਰ ਥਾਣਾ ਜੋਧਾਂ ਦੇ ਅਧੀਨ ਪੈਂਦੇ ਪਿੰਡ ਸਹੌਲੀ ਵਾਸੀ ਇਕ ਕੁੜੀ ਲੁਧਿਆਣਾ ਦੇ ਹੈਬੋਵਾਲ ਸਥਿਤ ਇਕ ਸੰਸਥਾ 'ਚ ਫੈਸ਼ਨ ਡਿਜ਼ਾਇਨਿੰਗ ਦਾ ਕੋਰਸ ਕਰ ਰਹੀ ਹੈ । ਬੁੱਧਵਾਰ ਸ਼ਾਮ 6 ਵਜੇ ਦੇ ਕਰੀਬ ਮੁੱਲਾਂਪੁਰ ਬੱਸ ਅੱਡੇ 'ਤੇ ਆਪਣੇ ਪਿੰਡ ਸਹੌਲੀ ਜਾਣ ਦੇ ਲਈ ਬੱਸ ਦਾ ਇੰਤਜ਼ਾਰ ਕਰ ਰਹੀ ਸੀ ਕਿ ਪਿੰਡ ਦਾ ਗੁਰਮੀਤ ਸਿੰਘ ਉਰਫ ਲਾਡੀ ਪੁੱਤਰ ਅਮਰਜੀਤ ਸਿੰਘ ਅਤੇ ਧਰਮਿੰਦਰ ਸਿੰਘ ਪੁੱਤਰ ਪਾਲਾ ਸਿੰਘ ਮੋਟਰਸਾਈਕਲ 'ਤੇ ਆ ਗਏ ਅਤੇ ਕੁੜੀ ਨੂੰ ਕਿਹਾ ਕਿ ਹੁਣ ਪਿੰਡ ਨੂੰ ਕੋਈ ਬੱਸ ਨਹੀ ਜਾਵੇਗੀ ਉਹ ਉਨ੍ਹਾਂ ਨਾਲ ਮੋਟਰਸਾਈਕਲ 'ਤੇ ਆ ਜਾਵੇ । ਜਿਸ 'ਤੇ ਉਹ ਉਨ੍ਹਾਂ ਮੁੰਡਿਆਂ ਨਾਲ ਮੋਟਰਸਾਈਕਲ 'ਤੇ ਬੈਠ ਗਈ। ਕੁੜੀ ਦੇ ਮੋਟਰਸਾਈਕਲ 'ਤੇ ਬੈਠਦੇ

▪ ਬਾਕੀ ਸਫਾ 2 ਕਾਲਮ 2 'ਤੇ

**28 ਦਸੰਬਰ 2012 ਪੰਜਾਬੀ ਜਾਗਰਣ**

**ਪੰਜਾਬ ਦੇ ਮੱਥੇ 'ਤੇ ਵੀ ਬਲਾਤਕਾਰ ਦਾ ਕਲੰਕ**

## ਨਾ ਮਿਲਿਆ ਇਨਸਾਫ਼ ਤਾਂ ਕਰ ਲਈ ਖ਼ੁਦਕੁਸ਼ੀ

**ਪੱਤਰ ਪ੍ਰੇਰਕ, ਸਮਾਣਾ** : ਹਲਕਾ ਸ਼ਤਰਾਣਾ ਦੇ ਪਿੰਡ ਬਾਦਸ਼ਾਹਪੁਰ ਨਿਵਾਸੀ ਲੜਕੀ ਨਾਲ ਹੋਏ ਸਮੂਹਿਕ ਬਲਾਤਕਾਰ ਦੇ ਮਾਮਲੇ 'ਚ ਪੁਲਸ ਵੱਲੋਂ ਇਕ ਮਹੀਨਾ ਬੀਤਣ ਦੇ ਬਾਵਜੂਦ ਇਨਸਾਫ਼ ਨਾ ਮਿਲਣ 'ਤੇ ਬੀਤੀ ਦੇਰ ਰਾਤ ਜ਼ਹਿਰੀਲੀ ਚੀਜ਼ ਖਾ ਕੇ ਆਤਮ ਹੱਤਿਆ ਕਰ ਲਈ।

ਇਸ ਦੀ ਪੁਸ਼ਟੀ ਉਸ ਵੱਲੋਂ ਲਿਖੇ ਆਤਮ ਹੱਤਿਆ ਨੋਟ ਤੋਂ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕੁੜੀ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਮ੍ਰਿਤਕ ਪਰਮਜੀਤ ਕੌਰ (18 ਸਾਲ) ਨੂੰ ਪਿਛਲੇ ਮਹੀਨੇ ਦੋ ਲੜਕੇ ਇਕ ਔਰਤ ਦੀ ਮਦਦ ਨਾਲ ਅਗਵਾ ਕਰਕੇ ਪਿੰਡ ਖੇੜੀ ਨਗਾਈਆਂ ਦੇ ਖੇਤਾਂ ਵਿਚ ਲੈ ਗਏ ਤੇ ਉਸ ਨਾਲ ਜਬਰ-ਜਿਨਾਹ ਕੀਤਾ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਵੱਲੋਂ ਬਾਦਸ਼ਾਹਪੁਰ ਪੁਲਸ ਚੌਕੀ ਵਿਚ ਇਤਲਾਹ ਕੀਤੀ ਗਈ ਸੀ ਪ੍ਰੰਤੂ ਪੁਲਸ ਵੱਲੋਂ ਇਸ ਸਬੰਧੀ ਮਾਮਲੇ ਦੀ ਇਕ ਮਹੀਨੇ ਬਾਅਦ ਵੀ ਸੁਣਵਾਈ ਨਹੀਂ ਕੀਤੀ ਗਈ ਜਿਸ ਕਾਰਨ ਉਕਤ ਲੜਕੀ ਨੇ ਪ੍ਰੇਸ਼ਾਨ ਹੋ ਕੇ ਜ਼ਹਿਰੀਲੀ ਚੀਜ਼ ਖਾ ਲਈ। ਉਨ੍ਹਾਂ ਦੱਸਿਆ ਕਿ ਲੜਕੀ ਦਾ ਲਿਖਿਆ ਇਕ ਆਤਮ ਹੱਤਿਆ ਨੋਟ ਵੀ

- **ਡੇਢ ਮਹੀਨਾ ਪਹਿਲਾਂ ਹੋਇਆ ਸੀ ਸਮੂਹਿਕ ਬਲਤਾਕਾਰ**
- **ਇਨਸਾਫ਼ ਲਈ ਦਰ-ਦਰ ਦੀਆਂ ਠੋਕਰਾਂ ਖਾਣ ਮਗਰੋਂ ਵੀ ਨਾ ਹੋਈ ਕਾਰਵਾਈ**



▪ ਬਾਕੀ ਸਫਾ 2 ਕਾਲਮ 2 'ਤੇ

### ਡੀਐਸਪੀ ਮੁਅੱਤਲ ਤੇ ਐਸਐਚਓ ਬਰਖ਼ਾਸਤ

**ਚੰਡੀਗੜ੍ਹ/ਪਟਿਆਲਾ,** : ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਪੁਲਸ ਮੁਖੀ ਸੁਮੇਧ ਸਿੰਘ ਸੈਣੀ ਨੂੰ ਆਖਿਆ ਹੈ ਕਿ ਪਟਿਆਲਾ ਜ਼ਿਲ੍ਹੇ ਦੇ ਪਿੰਡ ਬਾਦਸ਼ਾਹਪੁਰ ਦੀ ਲੜਕੀ ਨਾਲ ਸਮੂਹਿਕ ਬਲਾਤਕਾਰ ਕੀਤੇ ਜਾਣ ਦੇ ਮਾਮਲੇ ਦੀ ਜਾਂਚ ਅਤੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਨ ਵਿਚ ਅਸਫਲ ਰਹੇ ਦੋਸ਼ੀ ਪੁਲਸ ਅਫਸਰਾਂ ਖ਼ਿਲਾਫ਼ ਤੁਰੰਤ ਅਤੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ।

- **ਆਈ ਜੀ ਪਟਿਆਲਾ ਜ਼ੋਨ ਨੂੰ ਇਕ ਹਫ਼ਤੇ ਅੰਦਰ ਜਾਂਚ ਰਿਪੋਰਟ ਪੇਸ਼ ਕਰਨ ਦੇ ਹੁਕਮ**

ਉਪ ਮੁੱਖ ਮੰਤਰੀ, ਜਿਨ੍ਹਾਂ ਕੋਲ ਗ੍ਰਹਿ ਮੰਤਰਾਲਾ ਵੀ ਹੈ ਨੇ ਆਖਿਆ ਕਿ ਉਹ ਡਿਊਟੀ ਵਿਚ ਕੁਤਾਹੀ ਖ਼ਾਸ ਤੌਰ 'ਤੇ ਔਰਤਾਂ ਖ਼ਿਲਾਫ਼ ਅਪਰਾਧ ਦੇ ਮਾਮਲਿਆਂ

▪ ਬਾਕੀ ਸਫਾ 2 ਕਾਲਮ 2 'ਤੇ

### 14 ਸਾਲਾਂ ਲੜਕੀ ਨਾਲ ਬਲਾਤਕਾਰ

**ਗੋਨਿਆਣਾ ਮੰਡੀ** : ਥਾਣਾ ਨੇਹੀਆਂ ਵਾਲਾ ਅਧੀਨ ਪੈਂਦੇ ਪਿੰਡ ਜੰਡਾਵਾਲਾ ਤੋਂ ਬੀਤੀ 23 ਦਸੰਬਰ ਨੂੰ ਗ਼ਾਇਬ ਹੋਈ 14 ਸਾਲਾ ਨਾਬਾਲਿਗ ਲੜਕੀ ਨੂੰ ਪੁਲਸ ਨੇ 73 ਘੰਟਿਆਂ 'ਚ ਬਾਰਮਦ ਕਰ ਲਿਆ ਹੈ। ਪਰ ਇਸ ਲੜਕੀ ਨਾਲ ਵੀ ਬਲਾਤਕਾਰ ਦੀ ਪੁਸ਼ਟੀ ਹੋਈ ਹੈ। ਦੋਸ਼ੀ ਉਸ ਨੂੰ ਵਿਆਹ ਦਾ ਲਾਲਚ ਦੇ ਕੇ ਲੈ ਵਰਗਲਾ ਕੇ ਲੈ ਗਏ ਸਨ। ਛਾਪਾਮਾਰੀ ਦੌਰਾਨ ਅਗਵਾ ਹੋਈ ਲੜਕੀ ਨੂੰ ਗਿਦੜਬਾਹਾ ਦੇ ਨੇੜਲੇ ਪਿੰਡ ਫ਼ੱਕਰਸਰ ਤੋਂ ਬਰਾਮਦ ਕਰਨ ਤੋਂ ਬਾਅਦ ਸਿਵਲ ਹਸਪਤਾਲ ਗੋਨਿਆਣਾ ਵਿਖੇ ਨਾਇਬ ਤਹਿਸੀਲਦਾਰ ਹਰਪਾਲ ਸਿੰਘ ਤੇ ਲੜਕੀ ਦੇ ਮਾਪਿਆਂ ਦੀ ਹਾਜ਼ਰੀ ਵਿਚ ਉਸਦੀ ਡਾਕਟਰੀ ਜਾਂਚ ਕਰਵਾਈ ਗਈ।

▪ ਬਾਕੀ ਸਫਾ 2 ਕਾਲਮ 2 'ਤੇ

**28 ਦਸੰਬਰ 2012 ਪੰਜਾਬੀ ਜਾਗਰਣ**



# 42 ਸਾਲਾ ਔਰਤ ਨਾਲ ਸਮੂਹਕ ਬਲਾਤਕਾਰ, ਦਖਣੀ ਦਿੱਲੀ 'ਚ ਸੁੱਟੀ

